Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 20*Issue 29 | Wednesday, February 10, 2021 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਮਿਨੀਸੋਟਾ ਦੇ ਹੈਲਥ ਕਲੀਨਿਕ ਵਿਚ ਇਕ ਵਿਅਕਤੀ ਨੇ ਚਲਾਈਆ ਗੋਲੀਆਂ, ਇਕ ਹਲਾਕ, 4 ਜ਼ਖ਼ਮੀ



ਬਫਲੋ, ਮਿਨੀਸੋਟਾ, 9 ਫਰਵਰੀ (ਪੋਸਟ ਬਿਊਰੋ) : ਹੈਲਥ ਕੇਅਰ ਤੋਂ ਨਾਖੁਸ਼ 67 ਸਾਲਾ ਵਿਅਕਤੀ ਨੇ ਇੱਕ ਕਲੀਨਿਕ ਵਿੱਚ ਗੋਲੀਆਂ ਚਲਾ ਕੇ ਇੱਕ ਵਿਅਕਤੀ ਨੂੰ ਜਾਨੋਂ ਮਾਰ ਦਿੱਤਾ ਤੇ ਚਾਰ ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਇਸ ਵਿਅਕਤੀ ਵੱਲੋਂ ਕਲੀਨਿਕ ਵਿੱਚ ਛੱਡੀ ਇੱਕ ਸ਼ੱਕੀ ਡਿਵਾਈਸ ਤੇ ਜਿੱਥੇ ਉਹ ਰਹਿ ਰਿਹਾ ਸੀ ਉਸ ਮੋਟਲ ਵਿੱਚ ਛੱਡੀਆਂ ਹੋਰ ਡਿਵਾਈਸਿਜ਼ ਨੂੰ ਨਕਾਰਾ ਕਰਨ ਲਈ ਬੰਬ ਤਕਨੀਸ਼ੀਅਨ ਵੀ ਪਹੁੰਚੇ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਮੰਗਲਵਾਰ ਨੂੰ ਵਾਪਰੀ ਇਸ ਘਟਨਾ ਤੋਂ ਬਾਅਦ ਪੰਜ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ। ਹਸਪਤਾਲ ਦੀ ਤਰਜ਼ਮਾਨ ਨੇ ਪੁਸ਼ਟੀ ਕੀਤੀ ਕਿ ਇਸ ਦੌਰਾਨ ਇੱਕ ਵਿਅਕਤੀ ਦੀ ਮੌਤ ਹੋ ਗਈ। ਤਿੰਨਾਂ ਦੀ ਹਾਲਤ ਨਾਜ਼ੁਕ ਪਰ ਸਥਿਰ ਹੈ ਤੇ ਇੱਕ ਨੂੰ ਇਲਾਜ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ ਹੈ।

ਇਹ ਹਮਲਾ ਮੰਗਲਵਾਰ ਸਵੇਰੇ ਬਫਲੋ ਸਥਿਤ ਐਲੀਨਾ ਕਲੀਨਿਕ ਵਿੱਚ ਵਾਪਰੀ। ਇਹ ਮਿਨੀਆਪੋਲਿਸ ਦੇ ਉੱਤਰਪੱਛਮ ਤੋਂ 40 ਮੀਲ ਦੀ ਦੂਰੀ ਉੱਤੇ ਸਥਿਤ 15000 ਲੋਕਾਂ ਦੀ ਕਮਿਊਨਿਟੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਬਫਲੋ ਦੇ ਗ੍ਰੈਗਰੀ ਪਾਲ ਉਲੀਰਿਕ ਨੇ ਇਸ ਫੈਸਿਲਿਟੀ ਵਿੱਚ ਗੋਲੀਆਂ ਚਲਾਈਆਂ ਤੇ ਉਸ ਨੂੰ ਦੁਪਹਿਰ ਤੋਂ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਦਾ ਕਹਿਣਾ ਹੈ ਕਿ ਹਾਲ ਦੀ ਘੜੀ ਇਹ ਆਖਣਾ ਜਲਦਬਾਜ਼ੀ ਹੋਵੇਗੀ ਕਿ ਉਲਰਿਕ ਨੇ ਕਿਸੇ ਖਾਸ ਡਾਕਟਰ ਨੂੰ ਆਪਣਾ ਨਿਸ਼ਾਨਾ ਬਣਾਇਆ।

ਰਾਈਟ ਕਾਊਂਟੀ ਸ਼ੈਰਿਫ ਸ਼ਾਨ ਡੈਰਿੰਗਰ ਨੇ ਦੱਸਿਆ ਕਿ ਅਧਿਕਾਰੀਆਂ ਵੱਲੋਂ ਹਾਦਸੇ ਦਾ ਸ਼ਿਕਾਰ ਹੋਰਨਾਂ ਵਿਅਕਤੀਆਂ ਦੀ ਭਾਲ ਲਈ ਕਲੀਨਿਕ ਦੀ ਤਲਾਸ਼ੀ ਲਈ ਗਈ ਤਾਂ ਉਨ੍ਹਾਂ ਨੂੰ ਉੱਥੇ ਸ਼ੱਕੀ ਡਿਵਾਈਸ ਮਿਲੀ ਤੇ ਉਨ੍ਹਾਂ ਵੱਲੋਂ ਇਮਾਰਤ ਖਾਲੀ ਕਰਵਾ ਲਈ ਗਈ। ਅਜੇ ਇਹ ਵੀ ਸਪਸ਼ਟ ਨਹੀਂ ਹੋਇਆ ਕਿ ਕੀ ਇਸ ਡਿਵਾਈਸ ਕਾਰਨ ਧਮਾਕਾ ਹੋਇਆ ਜਾਂ ਨਹੀਂ ਪਰ ਇੱਕ ਟੀਵੀ ਫੁਟੇਜ ਵਿੱਚ ਕਈ ਖਿੜਕੀਆਂ ਦੇ ਸ਼ੀਸ਼ੇ ਟੁੱਟੇ ਹੋਏ ਮਿਲੇ।

ਲਾਲ ਕਿਲ੍ਹਾ ਹਿੰਸਾ:

## ਦੀਪ ਸਿੱਧੂ ਗ੍ਰਿਫਤਾਰ, ਦਿੱਲੀ ਦੀ ਅਦਾਲਤ ਨੇ 7 ਦਿਨਾਂ ਲਈ ਪੁਲਿਸ ਰਿਮਾਂਡ ਉੱਤੇ ਭੇਜਿਆ

* ਰਾਕੇਸ਼ ਟਿਕੈਤ ਨੇ ਕਿਹਾ: ਸਹੀ ਕਾਰਵਾਈ ਹੋਈ



ਨਵੀਂ ਦਿੱਲੀ, 9 ਫਰਵਰੀ, (ਪੋਸਟ ਬਿਊਰੋ)-ਭਾਰਤ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਵਿਰੁੱਧ ਕਿਸਾਨੀ ਸੰਘਰਸ਼ ਦੇ ਦੌਰਾਨ ਬੀਤੀ 26 ਜਨਵਰੀ ਨੂੰ ਦਿੱਲੀ ਦੇ ਲਾਲ ਕਿਲ੍ਹਾ ਵਿਖੇ ਹੋਈ ਹਿੰਸਾ ਦੇ ਕੇਸ ਵਿੱਚ ਅੱਜ ਦੀਪ ਸਿੱਧੂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਦੇ ਬਾਅਦ ਉਸ ਨੂੰ ਦਿੱਲੀ ਤੀਸ ਹਜ਼ਾਰੀ ਅਦਾਲਤ ਵਿੱਚ ਪੇਸ਼ ਕੀਤਾ ਤਾਂ ਅਦਾਲਤ ਨੇ ਉਸ ਦਾ 7 ਦਿਨਾਂ ਦਾ ਪੁਲਿਸ ਰਿਮਾਂਡਦਿੱਤਾ ਹੈ। ਪੁਲਿਸ ਨੇ ਅਦਾਲਤ ਤੋਂ 10 ਦਿਨਾਂ ਲਈ ਹਿਰਾਸਤ ਮੰਗੀ ਸੀ, ਪਰ ਅਦਾਲਤ ਨੇ ਦੀਪ ਸਿੱਧੂ ਨੂੰ ਸੱਤ ਦਿਨ ਲਈ ਹਿਰਾਸਤ ਵਿੱਚ ਭੇਜਿਆ ਹੈ।

ਦਿੱਲੀ ਦੀ ਤੀਸ ਹਜ਼ਾਰੀ ਕੋਰਟ ਦੀ ਮੈਟਰੋਪੋਲੀਟਨ ਮੈਜਿਸਟਰੇਟ ਪ੍ਰਗਿਆ ਗੁਪਤਾ ਦੀ ਅਦਾਲਤ ਨੂੰ ਦਿੱਲੀ ਪੁਲਿਸ ਨੇ ਦੱਸਿਆ ਕਿ ਦੀਪ ਸਿੱਧੂ ਨੂੰ ਕਰਨਾਲ ਤੋਂ ਗ੍ਰਿਫਤਾਰ ਕੀਤਾ ਗਿਆ ਹੈਅਤੇ ਇਹ ਵੀ ਕਿ ਇਸ ਦੇ ਹੋਰ ਰਿਮਾਂਡ ਦੀ ਲੋੜ ਪੈ ਸਕਦੀ ਹੈ। ਦੂਜੇ ਪਾਸੇ ਬਚਾਅ ਪੱਖ ਦੇ ਵਕੀਲਾਂ ਨੇ ਕਿਹਾ ਕਿ ਦੀਪ ਸਿੱਧੂ26 ਜਨਵਰੀ ਨੂੰ ਗਲਤ ਸਮੇਂਗਲਤ ਜਗ੍ਹਾਚਲਾ ਗਿਆ ਸੀ, ਪਰ ਉਸਨੇ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ। ਪੁਲਿਸ ਨੇ ਕਿਹਾ ਕਿ ਦੀਪ ਸਿੱਧੂ ਖਿਲਾਫ ਵੀਡੀਓਗ੍ਰਾਫੀ ਦੇ ਸਬੂਤ ਹਨ ਅਤੇ ਇਹ ਲੋਕਾਂ ਨੂੰ ਭੜਕਾਉਣ ਅਤੇ ਜਨਤਕ ਜਾਇਦਾਦ ਨੂੰ ਨੁਕਸਾਨ ਪੁਚਾਉਣ ਦਾ ਕੇਸ ਹੈ।

...ਬਾਕੀ ਪੰਨਾ 2 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1
Lic # R534503

# ਕੈਨੇਡਾ ਤੀਜੀ ਕੋਵਿਡ-19 ਵੈਕਸੀਨ ਨੂੰ ਮਨਜ਼ੂਰੀ ਦੇਣ ਦੀ ਤਿਆਰੀ ਵਿੱਚ

### ਵਿਰੋਧੀ ਧਿਰ ਵੱਲੋਂ ਘਰੇਲੂ ਪੱਧਰ ਉੱਤੇ ਵੈਕਸੀਨ ਉਤਪਾਦਨ ਕਰਵਾਉਣ ਦੀ ਮੰਗ



ਓਟਵਾ, 9 ਫਰਵਰੀ (ਪੋਸਟ ਬਿਊਰੋ) : ਇਸ ਹਫਤੇ ਕੈਨੇਡਾ ਵਿੱਚ ਕੋਵਿਡ-19 ਦੀ ਇੱਕ ਹੋਰ ਵੈਕਸੀਨ ਨੂੰ ਮਨਜ਼ੂਰੀ ਮਿਲਣ ਦੀ ਸੰਭਾਵਨਾ ਹੈ। ਪਰ ਨਵੀਂ ਵੈਕਸੀਨ ਦਾ ਵਿਆਪਕ ਅਸਰ ਹੋਵੇ ਇਸ ਲਈ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਸੱਭ ਤੋਂ ਪਹਿਲਾਂ ਫੈਡਰਲ ਸਰਕਾਰ ਨੂੰ ਆਪਣਾ ਵੈਕਸੀਨੇਸ਼ਨ ਸਿਸਟਮ ਦਰੁਸਤ ਕਰਨਾ ਹੋਵੇਗਾ।

ਐਸਟ੍ਰਾਜ਼ੈਨੇਕਾ ਉਹ ਤੀਜੀ ਵੈਕਸੀਨ ਹੈ, ਜਿਸ ਨੂੰ ਕੈਨੇਡਾ ਵਿੱਚ ਵਰਤੋਂ ਦੀ ਮਨਜ਼ੂਰੀ ਮਿਲ ਜਾਵੇ। ਇਸ ਸਬੰਧ ਵਿੱਚ ਜਲਦ ਹੀ ਐਲਾਨ ਕੀਤਾ ਜਾ ਸਕਦਾ ਹੈ। ਡੇਢ ਕੁ ਹਫਤੇ ਪਹਿਲਾਂ ਹੈਲਥ ਕੈਨੇਡਾ ਨੇ ਇਹ ਸੰਕੇਤ ਦਿੱਤਾ ਸੀ ਕਿ ਉਹ ਕੁੱਝ ਦਿਨਾਂ ਦੇ ਅੰਦਰ ਅੰਦਰ ਹੀ ਇਸ ਸਬੰਧ ਵਿੱਚ ਫੈਸਲਾ ਲੈ ਲਵੇਗੀ।ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਇਹ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਇੱਕ ਹੋਰ ਵੈਕਸੀਨ ਨੂੰ ਕੈਨੇਡਾ ਵਿੱਚ ਮਨਜ਼ੂਰੀ ਮਿਲਣ ਜਾ ਰਹੀ ਹੈ, ਪਰ ਸਿਰਫ ਮਨਜ਼ੂਰੀ ਹੀ ਕਾਫੀ ਨਹੀਂ ਹੈ। ਜਗਮੀਤ ਸਿੰਘ ਦਾ ਕਹਿਣਾ ਹੈ ਕਿ ਟਰੂਡੋ ਸਰਕਾਰ ਨੂੰ ਵੈਕਸੀਨ ਦੀ ਸਪਲਾਈ ਤੇ ਡਲਿਵਰੀ ਵਿੱਚ ਪੈਣ ਵਾਲੀ ਰੁਕਾਵਟ ਨੂੰ ਖਤਮ ਕਰਨਾ ਹੋਵੇਗਾ। ਉਨ੍ਹਾਂ ਆਖਿਆ ਕਿ ਇਨ੍ਹਾਂ ਰੁਕਾਵਟਾ ਕਾਰਨ ਹੀ ਕੈਨੇਡਾ ਦੀਆਂ ਵੈਕਸੀਨੇਸ਼ਨ ਸਬੰਧੀ ਕੋਸ਼ਿਸ਼ਾਂ ਨੂੰ ਖੋਰਾ ਲੱਗ ਰਿਹਾ ਹੈ। ਉਨਾਂ ਆਖਿਆ ਕਿ ਇਸ ਦੇ ਨਾਲ ਹੀ ਸਾਨੂੰ ਘਰੇਲੂ ਉਤਪਾਦਨ ਲਈ ਯੋਜਨਾ ਤਿਆਰ ਕਰਨ ਤੇ ਉਸ ਨੂੰ ਅਮਲ ਵਿੱਚ ਲਿਆਉਣ ਦੀ ਲੋੜ ਹੈ।

ਉਨ੍ਹਾਂ ਅੱਗੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਤੇ ਵੈਕਸੀਨ ਦਾ ਲੋਕਲ ਉਤਪਾਦਨ ਜਲਦ ਤੋਂ ਜਲਦ ਸ਼ੁਰੂ ਕਰਵਾਉਣ। ਗ੍ਰੀਨ ਪਾਰਟੀ ਦੀ ਅਨੇਮੀ ਪਾਲ ਨੇ ਵੀ ਸੰਪੂਰਨ ਸਹਿਯੋਗ ਤੇ ਪਾਰਦਰਸ਼ਤਾ ਦੀ ਮੰਗ ਕੀਤੀ।

ਜ਼ਿਕਰਯੋਗ ਹੈ ਕਿ ਕੈਨੇਡਾ ਨੇ ਐਸਟ੍ਰਾਜ਼ੈਨੇਕਾ ਤੋਂ 20 ਮਿਲੀਅਨ ਡੋਜ਼ਾਂ ਦਾ ਆਰਡਰ ਕੀਤਾ ਹੈ ਤੇ ਇਸ ਨੂੰ ਕੋਵੈਕਸ ਸਮਝੌਤੇ ਤਹਿਤ 1•9 ਮਿਲੀਅਨ ਡੋਜ਼ਾਂ ਹਾਸਲ ਹੋ ਸਕਦੀਆਂ ਹਨ। ਫਾਈਜ਼ਰ ਤੇ ਮੌਡਰਨਾ ਵੈਕਸੀਨਜ਼ ਦੀ ਡਲਿਵਰੀ ਲਈ ਟਰੂਡੋ ਸਰਕਾਰ ਦਾ ਦਾਅਵਾ ਹੈ ਕਿ ਉਹ ਟਰੈਕ ਉੱਤੇ ਹੈ ਤੇ ਮਾਰਚ ਦੇ ਅੰਤ ਤੱਕ ਉਨ੍ਹਾਂ ਨੂੰ 6 ਮਿਲੀਅਨ ਡੋਜ਼ਾਂ ਹਾਸਲ ਹੋ ਜਾਣਗੀਆਂ। ਸਰਕਾਰ ਦਾ ਇਹ ਦਾਅਵਾ ਵੀ ਹੈ ਕਿ ਐਨੀਆਂ ਡੋਜ਼ਾਂ ਸਤੰਬਰ ਦੇ ਅੰਤ ਤੱਕ ਸਮੁੱਚੀ ਆਬਾਦੀ ਲਈ ਕਾਫੀ ਹੋਣਗੀਆਂ।

## ਕੈਨੇਡਾ ਵਿੱਚ ਮਿਲਿਆ ਕੋਵਿਡ-19 ਦਾ ਤੀਜਾ ਵੇਰੀਐਂਟ, ਮਾਹਿਰਾਂ ਦੀ ਚਿੰਤਾ ਵਧੀ



ਟੋਰਾਂਟੋ, 9 ਫਰਵਰੀ (ਪੋਸਟ ਬਿਊਰੋ) : ਕੈਨੇਡਾ ਭਰ ਦੀਆਂ ਲੈਬਜ਼ ਕੋਵਿਡ-19 ਦੇ ਵੇਰੀਐਂਟਸ ਦੀ ਭਾਲ ਵਿੱਚ ਰੁੱਝੀਆਂ ਹੋਈਆਂ ਹਨ ਤੇ ਉਨ੍ਹਾਂ ਨੂੰ ਇਹ ਮਿਲ ਵੀ ਰਿਹਾ ਹੈ।

ਯੂਕੇ ਤੇ ਸਾਊਥ ਅਫਰੀਕਾ ਵਿੱਚ ਪਾਏ ਗਏ ਨਵੇਂ ਵੇਰੀਐਂਟ ਹੁਣ ਸੱਤ ਪ੍ਰੋਵਿੰਸਾਂ ਵਿੱਚ ਪਾਏ ਜਾ ਚੁੱਕੇ ਹਨ ਤੇ ਓਨਟਾਰੀਓ ਵਿੱਚ ਉਹ ਵੇਰੀਐਂਟ ਵੀ ਮਿਲ ਗਿਆ ਹੈ ਜਿਹੜਾ ਬ੍ਰਾਜ਼ੀਲ ਵਿੱਚ ਪਹਿਲੀ ਵਾਰੀ ਪਾਇਆ ਗਿਆ ਸੀ, ਇਸ ਨੂੰ ਪੀਆਈ ਵੇਰੀਐਂਟ ਵਜੋਂ ਵੀ ਜਾਣਿਆ ਜਾਂਦਾ ਹੈ। ਵੀਕੈਂਡ ਉੱਤੇ ਇਹ ਵੇਰੀਐਂਟ ਟੋਰਾਂਟੋ, ਓਨਟਾਰੀਓ ਵਿੱਚ ਮਿਲਿਆ। ਇਸ ਨਾਲ ਟੋਰਾਂਟੋ ਦੁਨਿਆ ਦਾ ਸ਼ਾਇਦ ਅਜਿਹਾ ਸ਼ਹਿਰ ਬਣ ਗਿਆ ਹੈ ਜਿੱਥੇ ਹੋਰਨਾਂ ਦੇਸ਼ਾਂ ਵਿੱਚ ਮਿਲੇ ਕੋਵਿਡ-19 ਦੇ ਸਾਰੇ ਵੇਰੀਐਂਟ ਪਾਏ ਜਾ ਚੁੱਕੇ ਹਨ। ਬ੍ਰਾਜ਼ੀਲ ਵਾਲਾ ਵੇਰੀਐਂਟ ਉੱਥੋਂ ਕੈਨੇਡਾ ਸਫਰ ਕਰਕੇ ਆਏ ਵਿਅਕਤੀ ਵਿੱਚ ਪਾਇਆ ਗਿਆ ਹੈ ਤੇ ਹੁਣ ਇਹ ਵਿਅਕਤੀ ਹਸਪਤਾਲ ਵਿੱਚ ਹੈ।

ਪੀਆਈ ਵੇਰੀਐਂਟ ਨਾ ਸਿਰਫ ਜਲਦੀ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਫੈਲਦਾ ਹੈ ਸਗੋਂ ਮਨੌਸ, ਬ੍ਰਾਜ਼ੀਲ ਵਿੱਚ ਮੌਤਾਂ ਦੀ ਗਿਣਤੀ ਵਿੱਚ ਵਾਧਾ ਹੋਣ ਪਿੱਛੇ ਵੀ ਇਸੇ ਵੇਰੀਐਂਟ ਦਾ ਹੱਥ ਮੰਨਿਆ ਜਾ ਰਿਹਾ ਹੈ। ਇਹ ਉਨ੍ਹਾਂ ਲੋਕਾਂ ਨੂੰ ਹੋਰ ਵੀ ਪ੍ਰਭਾਵਿਤ ਕਰਦਾ ਹੈ ਜਿਨ੍ਹਾਂ ਨੂੰ ਪਹਿਲਾਂ ਹੀ ਕੋਵਿਡ-19 ਹੋਵੇ। ਹਾਲਾਂਕਿ ਓਨਟਾਰੀਓ ਵੱਲੋਂ ਕੁੱਝ ਪਾਬੰਦੀਆਂ ਘਟਾਏ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ ਪਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਹਾਲਾਤ ਉੱਤੇ ਬਾਰੀਕੀ ਨਾਲ ਨਜ਼ਰ ਰੱਖ ਰਹੇ ਹਨ।

...ਬਾਕੀ ਪੰਨਾ 2 'ਤੇ

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 / 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH DIRECTOR Member of ICCRC Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

## ਏਅਰ ਕੈਨੇਡਾ ਮੁਲਤਵੀ ਕਰੇਗੀ ਹੋਰ ਰੂਟ, 1500 ਮੁਲਾਜ਼ਮਾਂ ਦੀ ਕੀਤੀ ਜਾਵੇਗੀ ਛਾਂਗੀ



ਓਟਵਾ, 9 ਫਰਵਰੀ (ਪੋਸਟ ਬਿਊਰੋ) : ਮਹਾਂਮਾਰੀ ਅਜੇ ਖ਼ਤਮ ਹੋਣ ਦਾ ਨਾਂ ਹੀ ਨਹੀਂ ਲੈ ਰਹੀ ਤੇ ਅਜਿਹੇ ਵਿੱਚ ਏਅਰ ਕੈਨੇਡਾ ਵੱਲੋਂ ਆਪਣੇ ਕੁੱਝ ਮੁਲਾਜ਼ਮਾਂ ਦੀ ਛਾਂਗੀ ਕੀਤੀ ਜਾ ਰਹੀ ਹੈ ਤੇ ਵਾਧੂ ਫਲਾਈਟਾਂ ਮੁਲਤਵੀ ਕੀਤੀਆਂ ਜਾ ਰਹੀਆਂ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਏਅਰਲਾਈਨ ਜਿੱਥੇ ਆਪਣੇ 1500 ਮੁਲਾਜ਼ਮਾਂ ਦੀ ਛਾਂਗੀ ਕਰਨ ਜਾ ਰਹੀ ਹੈ ਉੱਥੇ ਹੀ ਘੱਟੋ ਘੱਟ 17 ਵਾਧੂ ਕੌਮਾਂਤਰੀ ਰੂਟਾਂ ਉੱਤੇ ਉਡਾਨਾਂ ਮੁਲਤਵੀ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ...ਬਾਕੀ ਪੰਨਾ 2 'ਤੇ

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
100% Customer Satisfaction
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets
Legal Basement
Completly Furnished
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

## ਦੀਪ ਸਿੱਧੂ ਗ੍ਰਿਫਤਾਰ, ਦਿੱਲੀ ਦੀ ਅਦਾਲਤ ਨੇ 7 ਦਿਨਾਂ ਲਈ ਪੁਲਿਸ ਰਿਮਾਂਡ ਉੱਤੇ ਭੇਜਿਆ

.....ਪੰਨਾ 1 ਦਾ ਬਾਕੀ

ਪੁਲਿਸ ਨੇ ਕਿਹਾ ਕਿ ਦੀਪ ਸਿੱਧੂ ਦੀ ਸੋਸ਼ਲ ਮੀਡੀਆ ਉੱਤੇ ਵੀ ਜਾਂਚ ਕਰਨੀ ਹੈ ਅਤੇ ਇਸ ਕੰਮ ਲਈ ਪੰਜਾਬ ਅਤੇ ਹਰਿਆਣਾ ਵਿਚ ਲਿਜਾਣਾ ਪੈਣਾ ਹੈ। ਪੁਲਿਸ ਨੇ ਕਿਹਾ ਕਿ ਕਿਸਾਨਾਂ ਦੇ ਟਰੈਕਟਰ ਮਾਰਚ ਵੇਲੇ ਨਿਯਮਾਂ ਦੀ ਉਲੰਘਣਾ ਹੋਈ ਸੀ ਅਤੇ ਲਾਲ ਕਿਲ੍ਹੇ ਉੱਤੇ ਝੰਡਾ ਲਹਿਰਾਇਆ ਗਿਆ ਸੀ ਅਤੇ ਇਸ ਪਿੱਛੋਂ ਹੋਈ ਹਿੰਸਾ ਵਿੱਚ ਦੀਪ ਸਿੱਧੂ ਸਭ ਤੋਂ ਅੱਗੇ ਸੀ।

ਵਰਨਣ ਯੋਗ ਹੈ ਕਿ ਲਾਲ ਕਿਲ੍ਹੇ ਦੀ ਹਿੰਸਾ ਮਗਰੋਂ 15 ਦਿਨਾਂ ਤੋਂ ਫਰਾਰ ਚੱਲ ਰਹੇ ਦੀਪ ਸਿੱਧੂ ਨੂੰ ਮੰਗਲਵਾਰ ਦੀ ਸਵੇਰ ਨੂੰ ਦਿੱਲੀ ਪੁਲਸ ਨੇ ਕਰਨਾਲ ਤੋਂ ਗ੍ਰਿਫਤਾਰ ਕੀਤਾ ਸੀ। ਉਸ ਉੱਤੇ ਇਕ ਲੱਖ ਰੁਪਏ ਦਾ ਇਨਾਮ ਰੱਖਿਆ ਗਿਆ ਸੀ। ਫਰਾਰ ਹੋਣ ਦੇ ਦੌਰਾਨ ਦੀਪ ਸਿੱਧੂ ਆਪਣੇ ਸੋਸ਼ਲ ਮੀਡੀਆ ਅਕਾਉਂਟ ਤੋਂ ਲਗਾਤਾਰ ਵੀਡੀਓ ਮੈਸੇਜ ਜਾਰੀ ਕਰਦਾ ਰਿਹਾ ਸੀ ਤੇ ਉਸਨੇ ਆਪਣੀ ਇਕ ਵੀਡੀਓ ਵਿਚ ਕਿਹਾ ਸੀ ਕਿ ਉਸਨੇ ਕੁਝ ਗਲਤ ਨਹੀਂ ਕੀਤਾ ਤੇ ਉਸ ਨੂੰ ਕੋਈ ਡਰ ਨਹੀਂ ਹੈ, ਇਸ ਲਈ ਜਾਂਚ ਏਜੰਸੀਆਂ ਨੂੰ ਉਸ ਦੇ ਪਰਿਵਾਰ ਨੂੰ ਪਰੇਸ਼ਾਨ ਨਹੀਂ ਕਰਨਾ ਚਾਹੀਦਾ।

ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਅੱਜ ਮੰਗਲਵਾਰ ਨੂੰ ਕੁਰੂਕਸ਼ੇਤਰ ਦੇ ਗੁਮਥਲਾ ਜਾਂਦੇ ਹੋਏ ਪਾਣੀਪਤ ਵਿੱਚ ਰੁਕੇ ਤਾਂ ਏਥੇ ਟੋਲ ਪਲਾਜ਼ਾ ਉੱਤੇ ਉਨ੍ਹਾਂ ਦਾ ਸਵਾਗਤ ਹੋਇਆ। ਇਸ ਮੌਕੇ ਇਹ ਖਬਰ ਆਈ ਕਿ ਲਾਲ ਕਿਲ੍ਹੇ ਉੱਤੇ ਕੇਸਰੀ ਝੰਡਾ ਲਹਿਰਾਉਣ ਦੇ ਦੋਸ਼ੀ ਦੀਪ ਸਿੱਧੂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ ਤਾਂ ਇਸਬਾਰੇ ਟਿਕੈਤ ਨੇ ਕਿਹਾ ਕਿ ਇਹ ਸਹੀ ਕਾਰਵਾਈ ਹੋਈ ਹੈ।

## ਕੈਨੇਡਾ ਵਿੱਚ ਮਿਲਿਆ ਕੋਵਿਡ-19 ਦਾ ਤੀਜਾ ਵੇਰੀਐਂਟ, ਮਾਹਿਰਾਂ ਦੀ ਚਿੰਤਾ ਵਧੀ

.....ਪੰਨਾ 1 ਦਾ ਬਾਕੀ

ਡਿਪਟੀ ਪ੍ਰੀਮੀਅਰ ਕ੍ਰਿਸਟੀਨ ਐਲੀਅਟ ਨੇ ਸੋਮਵਾਰ ਨੂੰ ਆਖਿਆ ਕਿ ਭਾਵੇਂ ਹਾਲਾਤ ਵਿੱਚ ਸੁਧਾਰ ਹੋ ਰਿਹਾ ਹੈ ਪਰ ਅਜੇ ਵੀ ਖਤਰਾ ਬਣਿਆ ਹੋਇਆ ਹੈ। ਉਨ੍ਹਾਂ ਆਖਿਆ ਕਿ ਓਨਟਾਰੀਓ ਵਿੱਚ ਅਜੇ ਵੀ ਕੋਵਿਡ-19 ਦੇ ਮਾਮਲੇ ਵਧ ਰਹੇ ਹਨ ਤੇ ਇਹ ਪ੍ਰੋਵਿੰਸ ਦੇ ਹਰੇਕ ਇਲਾਕੇ ਲਈ ਖਤਰਾ ਬਣਿਆ ਹੋਇਆ ਹੈ। ਹਾਲਾਤ ਇਹ ਹਨ ਕਿ ਜਿਨ੍ਹਾਂ ਇਲਾਕਿਆਂ ਵਿੱਚ ਹੁਣ ਕੋਵਿਡ-19 ਕੇਸਾਂ ਦੀ ਦਰ ਘੱਟ ਰਹਿ ਗਈ ਹੈ ਉੱਥੇ ਵੀ ਇਸ ਤਰ੍ਹਾਂ ਦੇ ਵੇਰੀਐਂਟ ਕਾਰਨ ਖਤਰਾ ਹੈ।

ਇਹ ਵੀ ਆਖਿਆ ਜਾ ਰਿਹਾ ਹੈ ਕਿ ਹੁਣ ਕਈ ਪ੍ਰੋਵਿੰਸ ਪਾਬੰਦੀਆਂ ਹਟਾਉਣ ਦੀ ਤਿਆਰੀ ਕਰ ਰਹੇ ਹਨ, ਅਜਿਹੇ ਵਿੱਚ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਨ੍ਹਾਂ ਵੇਰੀਐਂਟਸ ਨੂੰ ਲੱਭਿਆ ਜਾਵੇ ਤੇ ਵੇਰੀਐਂਟਸ ਦੀ ਇਨਫੈਕਸ਼ਨ ਨੂੰ ਖ਼ਤਮ ਕੀਤਾ ਜਾਵੇ, ਨਹੀਂ ਤਾਂ ਸਾਨੂੰ ਨਵੇਂ ਤੇ ਹੋਰ ਸਖ਼ਤ ਲਾਕਡਾਊਨ ਦੀ ਲੋੜ ਹੋਵੇਗੀ।

## ਜ਼ਮੀਨੀ ਰਸਤੇ ਰਾਹੀਂ ਕੈਨੇਡਾ ਦਾਖਲ ਹੋਣ ਵਾਲਿਆਂ ਨੂੰ ਵੀ ਹੁਣ ਵਿਖਾਉਣੀ ਹੋਵੇਗੀ ਨੈਗੇਟਿਵ ਕੋਵਿਡ-19 ਟੈਸਟ ਰਿਪੋਰਟ

ਓਟਵਾ, 9 ਫਰਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਅਗਲੇ ਹਫਤੇ ਤੋਂ ਸ਼ੁਰੂ ਕਰਕੇ ਜ਼ਮੀਨੀ ਰਸਤੇ ਕੈਨੇਡਾ ਪਹੁੰਚਣ ਵਾਲੇ ਹਰੇਕ ਵਿਅਕਤੀ ਨੂੰ ਕੋਵਿਡ-19 ਟੈਸਟ ਦੀ ਨੈਗੇਟਿਵ ਰਿਪੋਰਟ ਵਿਖਾਉਣੀ ਹੋਵੇਗੀ।



ਟਰੂਡੋ ਨੇ ਆਖਿਆ ਕਿ ਇਹ ਨਵੇਂ ਮਾਪਦੰਡ 15 ਫਰਵਰੀ ਤੋਂ ਸ਼ੁਰੂ ਹੋਣਗੇ। ਕੈਨੇਡਾ ਸਰਕਾਰ ਵੱਲੋਂ ਕੋਵਿਡ-19 ਨੂੰ ਕੈਨੇਡਾ ਵਿੱਚ ਫੈਲਣ ਤੋਂ ਰੋਕਣ ਲਈ ਇਹ ਤਾਜ਼ਾ ਕਦਮ ਚੁੱਕਿਆ ਜਾ ਰਿਹਾ ਹੈ। ਕੋਵਿਡ-19 ਦੇ ਕਈ ਨਵੇਂ ਵੇਰੀਐਂਟ, ਜਿਨ੍ਹਾਂ ਵਿੱਚੋਂ ਹੁਣ ਕੈਨੇਡਾ ਵਿੱਚ ਵੀ ਕਈ ਪਾਏ ਜਾ ਰਹੇ ਹਨ, ਕਾਰਨ ਵੀ ਸਰਕਾਰ ਕਾਫੀ ਪਰੇਸ਼ਾਨ ਹੈ ਤੇ ਇਨ੍ਹਾਂ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਹੀ ਸਰਕਾਰ ਇਹ ਹੀਲਾ ਅਪਨਾਉਣਾ ਚਾਹੁੰਦੀ ਹੈ।

ਸਰਕਾਰ ਨੇ ਹਵਾਈ ਰਸਤੇ ਕੈਨੇਡਾ ਪਹੁੰਚਣ ਵਾਲੇ ਟਰੈਵਲਰਜ਼ ਲਈ ਵੀ ਜਨਵਰੀ ਦੇ ਸ਼ੁਰੂ ਵਿੱਚ ਨੈਗੇਟਿਵ ਪੀਸੀਆਰ ਟੈਸਟ ਰਿਪੋਰਟ ਪੇਸ਼ ਕਰਨ ਦਾ ਨਿਯਮ ਲਾਗੂ ਕੀਤਾ ਸੀ। ਪਰ ਬਹੁਤੇ ਲੋਕ ਹਵਾਈ ਰਸਤੇ ਦੀ ਥਾਂ ਹੁਣ ਜ਼ਮੀਨੀ ਰਸਤੇ ਰਾਹੀਂ ਕੈਨੇਡਾ ਆ ਰਹੇ ਹਨ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਤਾਜ਼ਾ ਅੰਕੜਿਆਂ ਤੋਂ ਸਾਹਮਣੇ ਆਇਆ ਹੈ ਕਿ ਮਾਰਚ ਦੇ ਅੰਤ ਤੋਂ ਲੈ ਕੇ ਹੁਣ ਤੱਕ ਟਰੱਕ ਡਰਾਈਵਰਾਂ ਨੂੰ ਛੱਡ ਕੇ 2.9 ਮਿਲੀਅਨ ਲੋਕ ਜ਼ਮੀਨੀ ਰਸਤੇ ਰਾਹੀਂ ਕੈਨੇਡਾ ਦਾਖਲ ਹੋਏ ਜਦਕਿ 2.4 ਮਿਲੀਅਨ ਲੋਕ ਹਵਾਈ ਰਸਤੇ ਰਾਹੀਂ ਕੈਨੇਡਾ ਆਏ।

ਟਰੂਡੋ ਸਰਕਾਰ ਦਾ ਕਹਿਣਾ ਹੈ ਕਿ ਸਰਕਾਰ ਕੈਨੇਡੀਅਨਾਂ ਨੂੰ ਬਿਨਾਂ ਟੈਸਟ ਜ਼ਮੀਨੀ ਰਸਤੇ ਰਾਹੀਂ ਕੈਨੇਡਾ ਪਰਤਣ ਤੋਂ ਨਹੀਂ ਰੋਕ ਸਕਦੀ ਪਰ ਟੈਸਟ ਦੀ ਰਿਪੋਰਟ ਪੇਸ਼ ਨਾ ਕਰਨ ਵਾਲੇ ਨੂੰ 3,000 ਡਾਲਰ ਤੱਕ ਦਾ ਜੁਰਮਾਨਾ ਜ਼ਰੂਰ ਕੀਤਾ ਜਾ ਸਕਦਾ ਹੈ।

## ਚੀਨ ਦੀ ਲੈਬ ਤੋਂ ਲੀਕ ਨਹੀਂ ਹੋਇਆ ਕਰੋਨਾਵਾਇਰਸ : ਡਬਲਿਊਐਚਓ

ਬੀਜਿੰਗ,9 ਫਰਵਰੀ (ਪੋਸਟ ਬਿਊਰੋ) : ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੀ ਚੀਨ ਦੇ ਦੌਰੇ ਉੱਤੇ ਗਈ ਹੋਈ ਟੀਮ ਇਸ ਨਤੀਜੇ ਉੱਤੇ ਪਹੁੰਚੀ ਹੈ ਕਿ ਚੀਨ ਦੀ ਲੈਬ ਵਿੱਚੋਂ ਕਰੋਨਾਵਾਇਰਸ ਦਾ ਲੀਕ ਹੋਣਾ ਨਾਮੁਮਕਿਨ ਹੈ ਤੇ ਇਸ ਦੀ ਬਹੁਤ ਸੰਭਾਵਨਾ ਹੈ ਕਿ ਇਹ ਕਿਸੇ ਜਾਨਵਰ ਤੋਂ ਇਨਸਾਨ ਵਿੱਚ ਆਇਆ ਹੋਵੇ। ਗਰੁੱਪ ਵੱਲੋਂ ਵਾਇਰਸ ਦੇ ਮੂਲ ਬਾਰੇ ਪਤਾ ਲਾਉਣ ਦੀ ਆਪਣੀ ਖੋਜ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਇਹ ਖੁਲਾਸਾ ਗਰੁੱਪ ਨਾਲ ਗਏ ਮਾਹਿਰ ਵੱਲੋਂ ਕੀਤਾ ਗਿਆ।



ਸੈਂਟਰਲ ਚੀਨ ਵਿੱਚ ਵੂਹਾਨ ਇੰਸਟੀਚਿਊਟ ਆਫ ਵਾਇਰੋਲੋਜੀ ਨੇ ਵਾਇਰਸ ਦੇ ਕਈ ਸੈਂਪਲ ਭਰੇ। ਇਸ ਇੰਸਟੀਚਿਊਟ ਉੱਤੇ ਕਈ ਦੋਸ਼ ਲੱਗ ਚੁੱਕੇ ਹਨ ਕਿ ਅਸਲੀ ਆਊਟਬ੍ਰੇਕ ਇਸੇ ਸੈਂਟਰ ਤੋਂ ਨੇੜਲੀਆਂ ਕਮਿਊਨਿਟੀਜ਼ ਵਿੱਚ ਲੀਕ ਹੋਇਆ। ਚੀਨ ਵੱਲੋਂ ਪਹਿਲਾਂ ਹੀ ਇਸ ਸੰਭਾਵਨਾ ਤੋਂ ਇਨਕਾਰ ਕੀਤਾ ਜਾ ਚੁੱਕਿਆ ਹੈ। ਚੀਨ ਨੇ ਵਾਇਰਸ ਦੇ ਉਪਜਣ ਦੀਆਂ ਕਈ ਹੋਰ ਸੰਭਾਵਨਾਵਾਂ ਵੀ ਜ਼ਾਹਿਰ ਕੀਤੀਆਂ। ਡਬਲਿਊਐਚਓ ਦੀ ਟੀਮ ਹੁਣ ਉਨ੍ਹਾਂ ਵੱਖ ਵੱਖ ਥਿਓਰੀਜ਼ ਉੱਤੇ ਵਿਚਾਰ ਕਰ ਰਹੀ ਹੈ ਕਿ ਇਹ ਬਿਮਾਰੀ ਮਨੁੱਖਾਂ ਵਿੱਚ ਕਿਵੇਂ ਦਾਖਲ ਹੋਈ ਤੇ ਕਿਸ ਤਰ੍ਹਾਂ ਇਸ ਨੇ ਮਹਾਂਮਾਰੀ ਦਾ ਰੂਪ ਲਿਆ ਤੇ ਇਸ ਕਾਰਨ ਹੁਣ ਤੱਕ ਪੂਰੀ ਦੁਨੀਆਂ ਵਿੱਚ 2•3 ਮਿਲੀਅਨ ਲੋਕਾਂ ਦੀ ਮੌਤ ਹੋ ਚੁੱਕੀ ਹੈ।

ਡਬਲਿਊਐਚਓ ਫੂਡ ਸੇਫਟੀ ਐਂਡ ਐਨੀਮਲ ਡਜ਼ੀਜ਼ ਮਾਹਿਰ ਪੀਟਰ ਬੈਨ ਐਂਬੈਰੇਕ ਨੇ ਇੱਕ ਨਿਊਜ਼ ਕਾਨਫਰੰਸ ਵਿੱਚ ਆਖਿਆ ਕਿ ਸਾਡੀਆਂ ਮੁੱਢਲੀਆਂ ਲੱਭਤਾਂ ਅਨੁਸਾਰ ਇਹ ਵਾਇਰਸ ਕਿਸੇ ਵਿਚਲੀ ਹੋਸਟ ਸਪੀਸੀਜ਼ ਰਾਹੀਂ ਹੀ ਇਨਸਾਨਾਂ ਤੱਕ ਪਹੁੰਚਿਆ। ਇਸ ਦਾ ਪਤਾ ਲਾਉਣ ਲਈ ਹੋਰ ਅਧਿਐਨ ਤੇ ਵਧੇਰੇ ਖੋਜ ਦੀ ਲੋੜ ਹੈ।

## ਫਾਈਜ਼ਰ-ਬਾਇਓਐਨਟੈਕ ਦੀ ਕੋਵਿਡ-19 ਵੈਕਸੀਨ ਵਾਇਲਾਂ ਵਿੱਚ ਛੇ ਡੋਜ਼ਾਂ ਹੋਣ ਨਾਲ ਹੈਲਥ ਕੈਨੇਡਾ ਨੇ ਪ੍ਰਗਟਾਈ ਸਹਿਮਤੀ



ਓਟਵਾ, 9 ਫਰਵਰੀ (ਪੋਸਟ ਬਿਊਰੋ) : ਹੈਲਥ ਕੈਨੇਡਾ ਦੇ ਰੈਗੂਲੇਟਰਜ਼, ਫਾਈਜ਼ਰ ਤੇ ਬਾਇਓਐਨਟੈਕ ਦੇ ਉਸ ਦਾਅਵੇ ਨਾਲ ਸਹਿਮਤ ਹਨ ਕਿ ਉਨ੍ਹਾਂ ਦੀ ਕੋਵਿਡ-19 ਵੈਕਸੀਨ ਦੀ ਹਰ ਵਾਇਲ ਵਿੱਚ ਛੇ ਡੋਜ਼ਾਂ ਹੀ ਮਿਲਣਗੀਆਂ।

ਹੈਲਥ ਕੈਨੇਡਾ ਦੀ ਚੀਫ ਮੈਡੀਕਲ ਐਡਵਾਈਜ਼ਰ ਡਾ. ਸੁਪਰਿਆ ਸ਼ਰਮਾ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਵਰਤੀਆਂ ਜਾਣ ਵਾਲੀਆਂ ਵਾਇਲਾਂ ਉੱਤੇ ਲੱਗੇ ਲੇਬਲ ਵਿੱਚ ਕੈਨੇਡਾ ਵੱਲੋਂ ਸੋਧ ਕੀਤੀ ਜਾ ਰਹੀ ਹੈ। ਪਹਿਲਾਂ ਇਹ ਆਖਿਆ ਗਿਆ ਸੀ ਕਿ ਇਨ੍ਹਾਂ ਵਾਇਲਾਂ ਵਿੱਚ ਪੰਜ ਡੋਜ਼ਾਂ ਹਨ। ਹੁਣ ਇਹ ਆਖਿਆ ਜਾ ਰਿਹਾ ਹੈ ਕਿ ਇਸ ਵਿੱਚ ਛੇ ਡੋਜ਼ਾਂ ਹਨ।

ਮੰਗਲਵਾਰ ਨੂੰ ਸ਼ਰਮਾ ਨੇ ਆਖਿਆ ਕਿ ਹੈਲਥ ਕੈਨੇਡਾ ਨੂੰ ਪਹਿਲਾਂ ਇਹ ਦੱਸਿਆ ਗਿਆ ਸੀ ਕਿ ਕੁੱਝ ਹਾਲਾਤ ਵਿੱਚ ਵਾਇਲ ਵਿੱਚੋਂ ਛੇ ਡੋਜ਼ਾਂ ਹਾਸਲ ਕਰਨਾ ਸੰਭਵ ਹੈ। ਇਸ ਤਬਦੀਲੀ ਤੋਂ ਭਾਵ ਹੈ ਕਿ ਫਾਈਜ਼ਰ ਮਾਰਚ ਦੇ ਅੰਤ ਤੱਕ ਕੈਨੇਡਾ ਨੂੰ ਚਾਰ ਮਿਲੀਅਨ ਡੋਜ਼ਾਂ ਮੁਹੱਈਆ ਕਰਵਾਉਣ ਦਾ ਆਪਣਾ ਕਾਂਟਰੈਕਟ ਪੂਰਾ ਕਰੇਗੀ। ਓਟਵਾ ਦੇ ਵੈਕਸੀਨ ਵੰਡ ਪ੍ਰੋਗਰਾਮ ਦੀ ਨਜ਼ਰਸਾਨੀ ਕਰਨ ਵਾਲੇ ਮੇਜਰ ਜਨਰਲ ਡੈਨੀ ਫੋਰਟਿਨ ਨੇ ਆਖਿਆ ਕਿ ਅਗਲੇ ਹਫਤੇ ਕੈਨੇਡਾ ਨੂੰ ਓਨੀਆਂ ਵਾਇਲਾਂ ਹੀ ਮਿਲ ਜਾਣਗੀਆਂ ਜਿੰਨੀਆਂ ਦੀ ਉਹ ਉਮੀਦ ਕਰ ਰਹੇ ਹਨ। ਭਾਵੇਂ ਫਾਈਜ਼ਰ ਵੱਲੋਂ ਇਹ ਆਖਿਆ ਜਾ ਰਿਹਾ ਹੈ ਕਿ ਉਹ 336,000 ਡੋਜ਼ਾਂ ਹੋਣਗੀਆਂ ਪਰ ਉਨ੍ਹਾਂ ਆਖਿਆ ਕਿ ਅਸੀਂ ਉਨ੍ਹਾਂ ਨੂੰ 400,000 ਡੋਜ਼ਾਂ ਹੀ ਮੰਨਾਂਗੇ।

ਜ਼ਿਕਰਯੋਗ ਹੈ ਕਿ ਕੈਨੇਡਾ ਨੇ ਫਾਈਜ਼ਰ ਤੇ ਬਾਇਓਐਨਟੈਕ ਨਾਲ ਇਸ ਸਾਲ 40 ਮਿਲੀਅਨ ਡੋਜ਼ਾਂ ਖਰੀਦਣ ਦਾ ਕਾਂਟਰੈਕਟ ਕੀਤਾ ਸੀ, ਜਿਸ ਵਿੱਚੋਂ ਚਾਰ ਮਿਲੀਅਨ ਮਾਰਚ ਦੇ ਅੰਤ ਤੱਕ ਕੈਨੇਡਾ ਨੂੰ ਹਾਸਲ ਹੋਣੀਆਂ ਸਨ ਤੇ ਬਾਕੀਆਂ ਵਿੱਚੋਂ ਬਹੁਤੀਆਂ ਸਤੰਬਰ ਦੇ ਅੰਤ ਤੱਕ ਹਾਸਲ ਹੋਣੀਆਂ ਸਨ। ਅਮਰੀਕਾ, ਯੂਰਪ ਤੇ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਸਾਰਿਆਂ ਨੇ ਪਿਛਲੇ ਮਹੀਨੇ ਡੋਜ਼ਾਂ ਬਦਲ ਦਿੱਤੀਆਂ।

## ਏਅਰ ਕੈਨੇਡਾ ਮੁਲਤਵੀ ਕਰੇਗੀ ਹੋਰ ਰੂਟ, 1500 ਮੁਲਾਜ਼ਮਾਂ ਦੀ ਕੀਤੀ ਜਾਵੇਗੀ ਛਾਂਗੀ

.....ਪੰਨਾ 1 ਦਾ ਬਾਕੀ

। ਇਨ੍ਹਾਂ ਵਿੱਚੋਂ 12 ਉਡਾਨਾਂ ਟੋਰਾਂਟੋ ਪੀਅਰਸਨ ਏਅਰਪੋਰਟ ਤੋਂ ਹੀ ਰਵਾਨਾ ਹੁੰਦੀਆਂ ਹਨ। ਏਅਰਲਾਈਨ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਹੈ ਕਿ ਕੋਵਿਡ-19 ਕਾਰਨ ਸਾਨੂੰ ਆਪਣੇ ਸਰਹੱਦੋਂ ਪਾਰਲੇ ਤੇ ਕੌਮਾਂਤਰੀ ਕਮਰਸ਼ੀਅਲ ਸ਼ਡਿਊਲ ਨੂੰ ਘਟਾਉਣਾ ਪੈ ਰਿਹਾ ਹੈ। ਇਸ ਦੇ ਨਾਲ ਹੀ ਸਾਨੂੰ ਇਸ ਗੱਲ ਦਾ ਵੀ ਦੁੱਖ ਹੈ ਕਿ ਸ਼ਡਿਊਲ ਵਿੱਚ ਤਬਦੀਲੀ ਕਾਰਨ ਸਾਨੂੰ ਆਰਜ਼ੀ ਤੌਰ ਉੱਤੇ ਆਪਣੀ ਵਰਕਫੋਰਸ ਘਟਾਉਣੀ ਪੈ ਰਹੀ ਹੈ।

ਏਅਰਲਾਈਨ ਵੱਲੋਂ ਹੇਠ ਲਿਖੇ ਰੂਟ 30 ਅਪਰੈਲ ਤੱਕ ਮੁਲਤਵੀ ਕੀਤੇ ਜਾ ਰਹੇ ਹਨ :

ਅਮਰੀਕੀ ਰੂਟ



- ਟੋਰਾਂਟੋ ਤੋਂ ਫੋਰਟ ਮਾਇਰਜ਼-14 ਫਰਵਰੀ ਤੋਂ
- ਟੋਰਾਂਟੋ ਤੋਂ ਬੋਸਟਨ-16 ਫਰਵਰੀ ਤੋਂ
- ਟੋਰਾਂਟੋ ਤੋਂ ਵਾਸ਼ਿੰਗਟਨ-ਰੀਗਨ- 17 ਫਰਵਰੀ ਤੋਂ
- ਟੋਰਾਂਟੋ ਤੋਂ ਲਾਗਾਰਡੀਆ-17 ਫਰਵਰੀ ਤੋਂ
- ਮਾਂਟਰੀਅਲ ਤੋਂ ਬੋਸਟਨ-17 ਫਰਵਰੀ ਤੋਂ
- ਮਾਂਟਰੀਅਲ ਤੋਂ ਲਾਗਾਰਡੀਆ-17 ਫਰਵਰੀ ਤੋਂ
- ਵੈਨਕੂਵਰ ਤੋਂ ਸੀਆਟਲ-16 ਫਰਵਰੀ ਤੋਂ

ਹੋਰ ਕੌਮਾਂਤਰੀ ਰੂਟ

- ਟੋਰਾਂਟੋ ਤੋਂ ਬਗੋਟਾ-16 ਫਰਵਰੀ ਤੋਂ
- ਟੋਰਾਂਟੋ ਤੋਂ ਡਬਲਿਨ-12 ਫਰਵਰੀ ਤੋਂ
- ਟੋਰਾਂਟੋ ਤੋਂ ਦੁਬਈ-ਸ਼ੁਰੂਆਤ ਹੀ ਮੁਲਤਵੀ ਕਰ ਦਿੱਤੀ ਗਈ
- ਟੋਰਾਂਟੋ ਤੋਂ ਸਾਓ ਪਾਓਲੋ-16 ਫਰਵਰੀ ਤੋਂ
- ਟੋਰਾਂਟੋ ਤੋਂ ਹਾਂਗਕਾਂਗ-ਸ਼ੁਰੂਆਤ ਹੀ ਮੁਲਤਵੀ ਕਰ ਦਿੱਤੀ ਗਈ
- ਟੋਰਾਂਟੋ ਤੋਂ ਤਲਅਵੀਵ-ਮੁਲਤਵੀ ਰਹੇਗੀ
- ਮਾਂਟਰੀਅਲ ਤੋਂ ਬਗੋਟਾ-13 ਫਰਵਰੀ ਤੋਂ
- ਵੈਨਕੂਵਰ ਤੋਂ ਲੰਡਨ-14 ਫਰਵਰੀ ਤੋਂ
- ਵੈਨਕੂਵਰ ਤੋਂ ਨਾਰੀਤਾ-14 ਫਰਵਰੀ ਤੋਂ

ਕੰਪਨੀ ਦਾ ਕਹਿਣਾ ਹੈ ਕਿ ਪ੍ਰਭਾਵਿਤ ਗਾਹਕ, ਜਿਨ੍ਹਾਂ ਕੋਲ ਬੁਕਿੰਗਜ਼ ਹਨ, ਹੋਰ ਬਦਲ ਅਪਣਾ ਸਕਦੇ ਹਨ, ਬਦਲਵੇਂ ਰੂਟ ਵੀ ਅਪਣਾ ਸਕਦੀਆਂ ਹਨ। ਕੈਨੇਡਾ ਵੱਲੋਂ ਕੌਮਾਂਤਰੀ ਇੰਟਰਨੈਸ਼ਨਲ ਟਰੈਵਲ ਨੂੰ ਘਟਾਉਣ ਲਈ ਕੀਤੀ ਜਾ ਰਹੀ ਸਖ਼ਤੀ ਕਾਰਨ ਵੀ ਇਹ ਕਟੌਤੀਆਂ ਕੀਤੀਆਂ ਜਾ ਰਹੀਆਂ ਹਨ।




## ਅੱਜ ਨਾਮਾ

ਆਈ ਖਬਰ ਇਹ ਪਾਕਿ ਦੀ ਅੱਜ ਤਾਜ਼ੀ,
ਹੋਇਆ ਏ ਮੰਦਰਾਂ ਦਾ ਮਾੜਾ ਹਾਲ ਬੇਲੀ।
ਸਰਕਾਰੀ ਮਹਿਕਮਾਕਿਸੇ ਨੂੰ ਰੋਕਦਾ ਨਹੀਂ,
ਮਾਫੀਆ ਵਾਲਿਆਂ ਨੇ ਬੁਣਿਆ ਜਾਲ ਬੇਲੀ।
ਜਿੱਥੇ ਕਿਤੇ ਵੀ ਉਨ੍ਹਾਂ ਦੀ ਨਜ਼ਰ ਪੈ ਜਾਏ,
ਮਾਫੀਆ ਮੰਦਰ ਉਹ ਲਵੇ ਸੰਭਾਲ ਬੇਲੀ।
ਥਾਣੇ ਵਿੱਚ ਸ਼ਿਕਾਇਤ ਕੋਈ ਕਰਨ ਜਾਂਦਾ,
ਬਣਦੀ ਪੁਲਸ ਨਾ ਪੀੜਤ ਦੀ ਢਾਲ ਬੇਲੀ।
ਪਹੁੰਚਦੀ ਸੂਚਨਾ ਪਾਕਿ ਸਰਕਾਰ ਤੀਕਰ,
ਲਾਰੇ ਲਾਈ ਜਾਵੇ, ਕਰਦੀ ਕੱਖ ਹੈ ਨਹੀਂ।
ਕੱਟੜਪੰਥੀਆਂ ਦਾ ਬਾਹਲਾ ਦਬਦਬਾ ਈ,
ਲਵੇ ਪੀੜਤਾਂ ਦਾ ਕੋਈ ਵੀ ਪੱਖ ਹੈ ਨਹੀਂ।

ਤੀਸ ਮਾਰ ਖਾਂ

# ਚਿੰਗੁਆਕਸੀ ਵੈੱਲਨੈੱਸ ਸੈਂਟਰ ਦੀ ਮੁਰੰਮਤ ਲਈ ਫੈਡਰਲ ਤੇ ਓਨਟਾਰੀਓ ਸਰਕਾਰਾਂ ਕਰਨਗੀਆਂ ਨਿਵੇਸ਼

ਬਰੈਂਪਟਨ, 9 ਫਰਵਰੀ (ਪੋਸਟ ਬਿਊਰੋ) : ਅੱਜ ਮੇਅਰ ਪੈਟ੍ਰਿਕ ਬ੍ਰਾਊਨ, ਬਰੈਂਪਟਨ ਨੌਰਥ ਤੋਂ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਨੇ ਇਨਫਰਾਸਟ੍ਰਕਚਰ ਐਂਡ ਕਮਿਊਨਿਟੀਜ਼ ਮੰਤਰੀ ਕੈਥਰੀਨ ਮੈਕੇਨਾ, ਬਰੈਂਪਟਨ ਈਸਟ ਤੋਂ ਮੈਂਬਰ ਪਾਰਲੀਆਮੈਂਟ ਮਨਿੰਦਰ ਸਿੱਧੂ, ਸਮਾਲ ਬਿਜ਼ਨਸ ਐਂਡ ਰੈੱਡ ਟੇਪ ਰਿਡਕਸ਼ਨ ਦੇ ਐਸੋਸਿਏਟ ਮੰਤਰੀ ਅਤੇ ਬਰੈਂਪਟਨ ਸਾਊਥ ਤੋਂ ਐਮਪੀ ਪ੍ਰਭਮੀਤ ਸਰਕਾਰੀਆ, ਇਨਫਰਾਸਟ੍ਰਕਚਰ ਮੰਤਰੀ ਲੌਰੀ ਸਕੌਟ, ਬਰੈਂਪਟਨ ਵੈਸਟ ਤੋਂ ਮੈਂਬਰ ਪਾਰਲੀਆਮੈਂਟ ਅਮਰਜੋਤ ਸੰਧੂ ਨੇ ਚਿੰਗੁਆਕਸੀ ਵੈੱਲਨੈੱਸ ਸੈਂਟਰ ਦੀ ਮੁਰੰਮਤ ਲਈ ਫੰਡਾਂ ਦਾ ਐਲਾਨ ਕੀਤਾ।



ਕੈਨੇਡਾ ਸਰਕਾਰ ਕੈਨੇਡਾ ਵਿੱਚ ਨਿਵੇਸ਼ ਦੀ ਯੋਜਨਾ ਦੀ ਕਮਿਊਨਿਟੀ, ਕਲਚਰ ਐਂਡ ਰੀਕ੍ਰੀਏਸ਼ਨ ਇਨਫਰਾਸਟ੍ਰਕਚਰ ਸਟਰੀਮ (ਸੀਸੀਆਰਆਈਐਸ) ਰਾਹੀਂ ਇਸ ਪ੍ਰੋਜੈਕਟ ਵਿੱਚ 572,000 ਡਾਲਰ ਨਿਵੇਸ਼ ਕਰ ਰਹੀ ਹੈ। ਓਨਟਾਰੀਓ ਸਰਕਾਰ ਵੱਲੋਂ ਇਸ ਲਈ 476,619 ਡਾਲਰ ਤੇ ਸਿਟੀ ਆਫ ਬਰੈਂਪਟਨ ਵੱਲੋਂ 381,381 ਡਾਲਰ ਮੁਹੱਈਆ ਕਰਵਾਇਆ ਜਾਵੇਗਾ।

ਇਸ ਪ੍ਰੋਜੈਕਟ ਤਹਿਤ ਮਨੋਰੰਜਨ ਸੈਂਟਰ ਦੀ ਅੰਦਰੂਨੀ ਤੇ ਬਾਹਰੀ ਮੁਰੰਮਤ ਕੀਤੀ ਜਾਵੇਗੀ। ਅੰਦਰੂਨੀ ਅਪਗ੍ਰੇਡਜ਼ ਵਿੱਚ ਨਵੇਂ ਵਾਸ਼ਰੂਮ, ਚੇਂਜ ਰੂਮਜ਼, ਸੌਨਾ, ਲੌਕਰ ਐਮਨਿਟੀਜ਼ ਤੇ ਸ਼ਾਵਰ ਫੈਸਿਲਿਟੀ ਦੀ ਮੁਰੰਮਤ ਕੀਤੀ ਜਾਵੇਗੀ। ਸਾਰੇ ਏਰੀਆਜ਼ ਦੀ ਫਲੋਰ ਡਰੇਨੇਜ, ਹੌਟ ਟੱਬ ਏਰੀਆ ਦੀਆਂ ਟਾਈਲਾਂ ਨੂੰ ਮੁੜ ਲਾਉਣ ਨਾਲ ਫੈਸਿਲਿਟੀ ਦੀ ਸੇਫਟੀ ਵਿੱਚ ਵੀ ਵਾਧਾ ਹੋਵੇਗਾ। ਇਮਾਰਤ ਦੀ ਬਾਹਰੀ ਮੁਰੰਮਤ ਵਿੱਚ ਵਾਕਵੇਅਜ਼ ਦੀ ਮੁਰੰਮਤ ਤੇ ਕੈਚ ਬੇਸਿਨ ਉੱਤਰੀ ਹਿੱਸੇ ਦੀ ਡਰੇਨੇਜ ਵਿੱਚ ਸੁਧਾਰ ਕਰੇਗਾ। ਪਾਰਕਿੰਗ ਲੌਟ ਵਿੱਚ ਬਿਜਲੀ ਦੇ ਪ੍ਰਬੰਧ ਨੂੰ ਅਪਗ੍ਰੇਡ ਕਰਨ ਨਾਲ ਹੋਰ ਜ਼ਿਆਦਾ ਰੋਸ਼ਨੀ ਹੋ ਸਕੇਗੀ।

ਪ੍ਰੋਵਿੰਸ ਵਿੱਚ ਚੱਲ ਰਹੇ ਸ਼ੱਟ ਡਾਊਨ ਕਾਰਨ ਚਿੰਗੁਆਕਸੀ ਵੈੱਲਨੈੱਸ ਸੈਂਟਰ ਨੂੰ ਬੰਦ ਹੀ ਰੱਖਿਆ ਜਾਵੇਗਾ। ਮੁਰੰਮਤ ਦਾ ਕੰਮ 2021 ਦੀ ਬਸੰਤ ਵਿੱਚ ਸ਼ੁਰੂ ਹੋਣ ਦੀ ਸੰਭਾਵਨਾ ਹੈ।

# ਯੌਰਕ ਵਿੱਚ ਗੋਲੀ ਲੱਗਣ ਕਾਰਨ ਇੱਕ ਹਲਾਕ



ਟੋਰਾਂਟੋ, 9 ਫਰਵਰੀ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਯੌਰਕ ਵਿੱਚ ਚੱਲੀ ਗੋਲੀ ਦੌਰਾਨ ਮਾਰੇ ਗਏ ਵਿਅਕਤੀ ਦੇ ਕਤਲ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤੀਂ 10:00 ਵਜੇ ਕੇਲਡੋਨੀਆ ਰੋਡ ਨੇੜੇ ਲਾਅਰੈਂਸ ਐਵਨਿਊ ਵੈਸਟ ਤੇ ਸੇਜ ਐਵਨਿਊ ਨੇੜੇ ਗੋਲੀਆਂ ਚੱਲਣ ਦੀ ਰਿਪੋਰਟ ਮਿਲੀ। ਮੌਕੇ ਉੱਤੇ ਪਹੁੰਚੀ ਪੁਲਿਸ ਨੇ ਇੱਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਪਾਇਆ। ਪੈਰਾਮੈਡਿਕਸ ਉਸ ਨੂੰ ਹਸਪਤਾਲ ਲੈ ਗਏ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਕੇਲਡੋਨੀਆ ਤੇ ਡਫਰਿਨ ਦਰਮਿਆਨ ਲਾਰੈਂਸ ਰੋਡ ਨੂੰ ਬੰਦ ਕੀਤਾ ਗਿਆ ਹੈ ਤੇ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਪੰਜਾਬ ਭਾਜਪਾ ਦੇ ਪ੍ਰਧਾਨ ਨੇ ਕਿਹਾ: ਕਿਸਾਨਾਂ ਦੀ ਆੜ ਵਿੱਚ ਕੈਪਟਨ ਗੁੰਡਾਗਰਦੀ ਨਾ ਕਰੇ

ਚੰਡੀਗੜ੍ਹ, 9 ਫਰਵਰੀ, (ਪੋਸਟ ਬਿਊਰੋ)-ਪੰਜਾਬ ਦੀ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਾਂਗਰਸ ਨੂੰ ਇਸ ਰਾਜ ਦੀਆਂ ਸ਼ਹਿਰੀ ਚੋਣਾਂ ਵਿਚ ਆਪਣੀ ਹਾਰ ਮੰਨਣ ਦੀ ਚੁਣੌਤੀ ਦਿੰਦੇ ਹੋਏ ਕਿਹਾ ਕਿ ਜੇ ਕਾਂਗਰਸੀਆਂ ਕੋਲ ਦਮ ਹੈ ਤਾਂ ਚੋਣਾਂ ਵਿਚ ਭਾਜਪਾ ਉਮੀਦਵਾਰਾਂ ਦਾ ਸਾਹਮਣਾ ਕਰਨ, ਕਿਸਾਨਾਂ ਦੀ ਆੜ ਲੈ ਕੇ ਸਾਡਾ ਰਾਹ ਨਾ ਰੋਕਣ।



ਅਸ਼ਵਨੀ ਸ਼ਰਮਾ ਨੇ ਕਿਹਾ ਕਿ ਕਿਸਾਨ ਪਸੀਨਾ ਵਹਾਉਂਦਾ ਹੈ, ਲਹੂ ਨਹੀਂ ਵਗਾਉਂਦਾ। ਉਨ੍ਹਾਂ ਨੇ ਕਿਹਾ ਕਿ ਚੋਣਾਂ ਦੌਰਾਨ ਭਾਜਪਾ ਦੇ ਵਰਕਰਾਂ ਦਾ ਰਾਹ ਰੋਕਣ ਦਾ ਕੰਮ ਕਾਂਗਰਸੀ ਕਰਦੇ ਹਨ, ਕਿਸਾਨ ਨਹੀਂ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਕਿ ਜੇ ਸ਼ਰੇਆਮ ਗੁੰਡਾਗਰਦੀ ਕਰਨੀ ਹੈ ਤਾਂ ਚੋਣ ਡਰਾਮਾ ਕਰਨ ਦੀ ਕੀ ਲੋੜ ਹੈ, ਸਿੱਧੇ-ਸਿੱਧੇ ਆਹਮੋ-ਸਾਹਮਣੇ ਹੋ ਜਾਂਦੇ ਹਾਂ, ਨਿਹੱਥੇ ਲੋਕਾਂ ਉੱਤੇ ਹਮਲਾ ਕਰਨਾ ਕਾਹਦੀ ਬਹਾਦਰੀ ਹੈ, ਜੇ ਲੋਕਤੰਤਰ ਦੀ ਹੱਤਿਆ ਹੀ ਕਰਨੀ ਹੈ ਤਾਂ ਚੋਣਾਂ ਕਿਉਂ ਕਰਵਾ ਰਹੇ ਹੋ? ਉਨ੍ਹਾ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਲੋਕਤੰਤਰ ਨੂੰ ਅਗਵਾ ਕਰ ਲਿਆ ਅਤੇ ਬੰਧੂਆ ਮਜ਼ਦੂਰ ਬਣਾ ਲਿਆ ਹੈ ਅਤੇ ਪੰਜਾਬ ਪੁਲਸ ਅਤੇ ਡੀ ਜੀ ਪੀ ਸਭ ਕੈਪਟਨ ਅਮਰਿੰਦਰ ਸਿੰਘ ਦੇ ਪਿੱਠੂ ਬਣੇ ਹੋਏ ਹਨ।ਉਨ੍ਹਾ ਨੇ ਆਪਣੀ ਅਬੋਹਰ ਫੇਰੀ ਦੌਰਾਨ ਹਮਲਾਵਰਾਂ ਕੋਲ ਖਤਰਨਾਕ ਹਥਿਆਰ (ਬਰਛੇ, ਲੋਹੇ ਦੀਆਂ ਰਾਡਾਂ, ਪੱਥਰ) ਤੇ ਹੋਰ ਸਮੱਗਰੀ ਬਾਰੇ ਪੁਲਸ ਕਾਰਵਾਈ ਉੱਤੇ ਸਵਾਲ ਚੁੱਕਦਿਆਂ ਕਿਹਾ ਕਿ ਇਹ ਸੋਚੀ-ਸਮਝੀ ਸਾਜ਼ਿਸ਼ ਦਾ ਨਤੀਜਾ ਹੈ ਤੇ ਇਸ ਵਿਚ ਪੁਲਸ ਵੀ ਸ਼ਾਮਲ ਨਜ਼ਰ ਆਉਂਦੀ ਹੈ। ਭਾਜਪਾ ਦੇ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੁਲਸ ਉਨ੍ਹਾਂ ਨੂੰ ਦੱਸ ਦੇਵੇ ਕਿ ਅੱਗੇ ਉਨ੍ਹਾਂ ਉੱਤੇ ਕਿੱਥੇ ਹਮਲਾ ਕੀਤਾ ਜਾਵੇਗਾ, ਉਹ ਕਾਰ ਵਿਚ ਨਹੀਂ ਬੈਠਣਗੇ, ਭਾਵੇਂ ਕਿਸਾਨਾਂ ਦੇ ਨਾਮ ਉੱਤੇ ਕਾਂਗਰਸੀ ਗੁੰਡੇ ਉਨ੍ਹਾਂ ਦੀ ਜਾਨ ਹੀ ਕਿਉਂ ਨਾ ਲੈ ਲੈਣ? ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਜੋ ਪੰਜਾਬ ਦੇ ਹਾਲਾਤ ਬਣਾ ਦਿੱਤੇ ਹਨ, ਉਨ੍ਹਾਂ ਦੀਆਂ ਗੰਢਾਂ ਨੂੰ ਦੰਦਾਂ ਨਾਲ ਖੋਲ੍ਹਣਾ ਵੀ ਮੁਸ਼ਕਲ ਹੋਵੇਗਾ।

# ਨਾਰਵੇ ਸਰਕਾਰ ਨੇ ਅਨੰਦ ਕਾਰਜ ਨੂੰ ਕਾਨੂੰਨੀ ਮਾਨਤਾ ਦਿੱਤੀ

ਓਸਲੋ, 9 ਫਰਵਰੀ (ਪੋਸਟ ਬਿਊਰੋ)- ਨਾਰਵੇ ਸਰਕਾਰ ਤਕ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਨਾਨਕ ਨਿਵਾਸ ਲੀਅਰ ਨਾਰਵੇ ਨੇ ਕਾਫ਼ੀ ਸਮਾਂ ਪਹਿਲਾਂ ਵੀ ਵਿਆਹ ਸਬੰਧੀ ਆਨੰਦ ਕਾਰਜ ਨੂੰ ਮਾਨਤਾ ਦੇਣ ਲਈ ਯਤਨ ਕੀਤੇ ਸਨ ਪਰ ਪ੍ਰਬੰਧਕ ਕਮੇਟੀਆਂ ਦੀਆਂ ਅਦਲਾ-ਬਦਲੀਆਂ ਕਾਰਨ ਇਹ ਕਾਨੂੰਨ ਲਾਗੂ ਨਹੀਂ ਹੋ ਸਕਿਆ ਸੀ। ਮਾਣ ਅਤੇ ਖ਼ੁਸ਼ੀ ਦੀ ਗੱਲ ਹੈ ਕਿ ਅੰਮ੍ਰਿਤਪਾਲ ਸਿੰਘ ਮਿਊਂਸਪਲ ਕੌਂਸਲਰ ਦਰਮਨ ਨਾਰਵੇ ਦੀ ਕੋਸ਼ਿਸ਼ ਨਾਲ ਇਹ ਕਾਰਜ ਸਿਰੇ ਚੜ੍ਹਿਆ ਹੈ।

ਵਰਨਣਯੋਗ ਹੈ ਕਿ ਇਹ ਕੌਂਸਲਰ ਅੰਮ੍ਰਿਤਪਾਲ ਸਿੰਘ ਕਪੂਰਥਲਾ ਦਾ ਜੰਮਪਲ ਅਤੇ ਉਘੀ ਲੇਖਿਕਾ ਪਰਮਜੀਤ ਕੌਰ ਸਰਹਿੰਦ ਦਾ ਦਾਮਾਦ ਹੈ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਲਦੇਵ ਸਿੰਘ, ਸਕੱਤਰ ਹਰਿੰਦਰਪਾਲ ਸਿੰਘ ਅਤੇ ਸਾਰੇ ਕਮੇਟੀ ਮੈਂਬਰਾਂ ਨੇ ਇਸ ਕਾਰਜ ਲਈ ਪੂਰਾ ਸਹਿਯੋਗ ਦਿੱਤਾ। ਇਹ ਕਾਨੂੰਨ ਗੁਰਦੁਆਰਾ ਸ੍ਰੀ ਨਾਨਕ ਨਿਵਾਸ ਲੀਅਰ ਵਿੱਚ ਹੋਏ ਅਨੰਦ ਕਾਰਜਾਂ ਲਈ ਲਾਗੂ ਹੋਇਆ ਹੈ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਨੇ ਕੁਝ ਸਮਾਂ ਪਹਿਲਾਂ ਸਿੱਖ ਸੰਗਤਾਂ ਅਤੇ ਗੁਰਦੁਆਰਾ ਕਮੇਟੀਆਂ ਦੇ ਸਹਿਯੋਗ ਨਾਲ ਬਹੁਤ ਜਦੋ-ਜਹਿਦ ਪਿੱਛੋਂ ਪਾਸਪੋਰਟ 'ਤੇ ਦਸਤਾਰ ਵਾਲੀ ਰਿਵਾਇਤੀ ਫ਼ੋਟੋ ਲਵਾਉਣ ਦਾ ਕਾਨੂੰਨ ਲਾਗੂ ਕਰਵਾਇਆ ਸੀ।

# ਰਾਜ ਸਭਾ ਤੋਂ ਵਿਦਾਈ ਵੇਲੇ ਆਜ਼ਾਦ ਨੇ ਕਿਹਾ: ਭਾਰਤੀ ਮੁਸਲਮਾਨ ਹੋਣ ਉੱਤੇ ਮੈਨੂੰ ਮਾਣ ਹੈ

ਨਵੀਂ ਦਿੱਲੀ, 9 ਫਰਵਰੀ, (ਪੋਸਟ ਬਿਊਰੋ)-ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ ਦੀ ਮੈਂਬਰੀ ਦੀ ਮਿਆਦ ਅੱਜ ਮੰਗਲਵਾਰ ਪੂਰੀ ਹੋ ਗਈ ਹੈ।ਰਾਜ ਸਭਾ ਵਿੱਚ ਉਨ੍ਹਾਂ ਦੇ ਆਖ਼ਰੀ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹੋਰ ਨੇਤਾਵਾਂ ਨੇ ਉਨ੍ਹਾਂ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਨੂੰ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ।



ਆਪਣੇ ਵਿਦਾਈ ਭਾਸ਼ਣ ਦੌਰਾਨ ਆਜ਼ਾਦ ਨੇ ਕਿਹਾ ਕਿ ਮੈਨੂੰ ਹਿੰਦੋਸਤਾਨੀ ਮੁਸਲਮਾਨ ਹੋਣ ਦਾ ਮਾਣ ਹੈ। ਉਨ੍ਹਾਂ ਕਿਹਾ ਕਿ 'ਮੈਂ ਇਸ ਸਦਨ ਵਿੱਚ ਰਹਿ ਕੇ ਬਹੁਤ ਕੁਝ ਸਿਖਿਆ ਹੈ। ਮੈਂ ਜਿੱਥੇ ਵੀ ਗਿਆ, ਉੱਥੇ ਪਿਆਰ ਮਿਲਿਆ। ਮੈਂ ਖੁਸ਼ਕਿਸਮਤ ਹਾਂ, ਜੋ ਕਦੇ ਪਾਕਿਸਤਾਨ ਨਹੀਂ ਗਿਆ। ਜਦੋਂ ਕਦੇ ਮੈਂ ਪਾਕਿਸਤਾਨਦੇ ਹਾਲਾਤ ਬਾਰੇ ਪੜ੍ਹਦਾ ਹਾਂ, ਤਾਂ ਮੈਨੂੰ ਹਿੰਦੋਸਤਾਨੀ ਮੁਸਲਮਾਨ ਹੋਣ ਉੱਤੇ ਮਾਣ ਮਹਿਸੂਸ ਹੁੰਦਾ ਹੈ।'ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਯਾਦ ਕਰ ਕੇ ਆਜ਼ਾਦ ਨੇ ਕਿਹਾ ਕਿ ਅਟਲ ਜੀ ਤੋਂ ਉਨ੍ਹਾਂ ਨੇਬਹੁਤ ਕੁਝ ਸਿੱਖਿਆ ਸੀ। ਜੰਮੂ-ਕਸ਼ਮੀਰ ਦੇ ਜੰਮੂ ਹਲਕੇ ਤੋਂ ਆਏ ਗੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਉਨ੍ਹਾਂ ਨੇ ਦੇਸ਼ ਭਗਤੀ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਅਤੇ ਮੌਲਾਨਾ ਆਜ਼ਾਦ ਨੂੰ ਪੜ੍ਹ ਕੇ ਸਿੱਖੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਸਾਨੂੰ ਕਾਨੂੰਨ ਬਣਾਉਣ ਲਈ ਚੁਣਿਆ ਹੈ, ਜੇ ਅਸੀਂ ਆਪੋ ਵਿੱਚ ਲੜਦੇ ਰਹੇ ਤਾਂ ਲੋਕਾਂ ਦਾ ਭਰੋਸਾ ਉਠ ਜਾਵੇਗਾ,ਪਾਰਲੀਮੈਂਟ ਵਿੱਚ ਲੜਾਈ ਨਾਲ ਕਾਨੂੰਨ ਨਹੀਂ ਰੁਕਣੇ ਚਾਹੀਦੇ। ਉਨ੍ਹਾਂ ਨੇ ਕਿਹਾ ਕਿ ਮੈਂ ਵੇਖਿਆ ਹੈ ਕਿ ਮੁਸਲਮਾਨ ਦੇਸ਼ ਆਪਸ ਵਿੱਚ ਲੜ ਕੇ ਖਤਮ ਹੋ ਰਹੇ ਹਨ। ਪਿਛਲੇ 30-34 ਸਾਲਾਂ ਵਿਚ ਅਫ਼ਗਾਨਿਸਤਾਨ ਤੋਂ ਲੈ ਕੇ ਇਰਾਕ ਤੱਕ ਆਪੋ ਵਿੱਚ ਲੜ ਰਹੇ ਹਨ।

# ਪੰਜਾਬ ਦੇ ਕਾਂਗਰਸੀ ਐੱਮ ਪੀਜ਼ ਖੇਤੀ ਕਾਨੂੰਨਾਂ ਦੇ ਵਿਰੁੱਧ ਪਾਰਲੀਮੈਂਟ ਵਿੱਚ ਨਿੱਜੀ ਬਿੱਲ ਲਿਆਉਣਗੇ



ਨਵੀਂ ਦਿੱਲੀ, 9 ਫਰਵਰੀ, (ਪੋਸਟ ਬਿਊਰੋ)-ਪੰਜਾਬ ਦੇ ਕਾਂਗਰਸੀ ਪਾਰਲੀਮੈਂਟ ਮੈਂਬਰਾਂ ਨੇ ਅੱਜ ਮੰਗਲਵਾਰ ਨੂੰ ਕਿਹਾ ਕਿ ਉਹ ਪਾਰਲੀਮੈਂਟ ਵਿੱਚਨਿੱਜੀ ਮੈਂਬਰ ਵਾਲਾਬਿੱਲ ਲਿਆਉਣਗੇ, ਜਿਸ ਨਾਲ ਉਨ੍ਹਾਂ ਨੇ ਸਰਕਾਰ ਉੱਤੇ ਦਬਾਅ ਪਾਉਣ ਦੀ ਯੋਜਨਾ ਬਣਾਈ ਹੈ ਤਾਂ ਜੋ ਖੇਤੀ ਕਾਨੂੰਨਾਂ ਰੱਦ ਕਰਵਾਏ ਜਾ ਸਕਣ। ਇਨ੍ਹਾਂ ਕਾਂਗਰਸੀ ਮੈਂਬਰਾਂ ਨੇ ਇਸ ਕੰਮਦੇ ਲਈ ਵਿਰੋਧੀ ਧਿਰਾਂ ਦੇ ਹੋਰਨਾਂਮੈਂਬਰਾਂ ਨੂੰ ਵੀ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

ਭਾਰਤ ਸਰਕਾਰ ਦੇ ਦੋ ਸਾਬਕਾ ਮੰਤਰੀਆਂਅਤੇ ਮੌਜੂਦਾ ਪਾਰਲੀਮੈਂਟ ਮੈਂਬਰਾਂ ਮਨੀਸ਼ ਤਿਵਾੜੀ ਅਤੇ ਪ੍ਰਨੀਤ ਕੌਰ ਸਮੇਤ ਕਾਂਗਰਸ ਦੇ ਪੰਜਾਬ ਤੋਂ ਸਾਰੇ ਪਾਰਲੀਮੈਂਟ ਮੈਂਬਰਾਂ ਰਵਨੀਤ ਬਿੱਟੂ, ਜਸਬੀਰ ਸਿੰਘ ਡਿੰਪਾ, ਅਮਰ ਸਿੰਘ, ਮੁਹੰਮਦ ਸਦੀਕ ਅਤੇ ਸੰਤੋਖ ਚੌਧਰੀ ਨੇ ਮੰਗਲਵਾਰ ਨੂੰ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਇੱਕਜਿੱਤੇ ਸਮੂਹਿਕ ਪ੍ਰਾਈਵੇਟ ਮੈਂਬਰ ਬਿੱਲ ਲਿਆਉਣ ਦੀ ਯੋਜਨਾ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਉਹ ਲੋਕ ਸਭਾ ਅਤੇ ਰਾਜ ਸਭਾ ਵਿੱਚ ਆਪਣੇ ਸਾਥੀਆਂ ਨੂੰ ਇਸੇਤਰ੍ਹਾਂ ਕਰਨ ਲਈ ਕਹਿਣਗੇ।ਪੰਜਾਬ ਦੇ ਕਾਂਗਰਸੀ ਨੇਤਾਵਾਂ ਨੇ ਹੋਰ ਪਾਰਲੀਮੈਂਟ ਮੈਂਬਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਉੱਤੇ ਖੇਤੀ ਕਾਨੂੰਨ ਰੱਦ ਕਰਨ ਲਈ ਦਬਾਅ ਬਣਾਉਣ ਦੀ ਇਸ ਕੋਸ਼ਿਸ਼ ਵਿੱਚ ਸ਼ਾਮਲ ਹੋਣ। ਇਸ ਮੌਕੇਪਾਰਲੀਮੈਂਟ ਮੈਂਬਰ ਰਵਨੀਤ ਬਿੱਟੂ ਨੇ ਦੱਸਿਆ ਕਿ ਪਾਰਲੀਮੈਂਟ 203 ਲੋਕ ਸਭਾ ਮੈਂਬਰਾਂ ਨੇ ਖੇਤੀ ਨੂੰ ਆਪਣਾ ਪੇਸ਼ਾ ਦੱਸਿਆ ਹੈ ਤਾਂ ਉਨ੍ਹਾਂ ਨੂੰ ਸਰਕਾਰ ਦਾ ਹੰਕਾਰ ਤੋੜਨ ਤੇ ਕਿਸਾਨੀ ਦੀ ਗੱਲ ਕਹਿਣ ਦੀ ਕੋਸਿਸ਼ ਦਾ ਸਮੱਰਥਨ ਕਰਨਾ ਚਾਹੀਦਾ ਹੈ। ਬਿੱਟੂ ਨੇ ਕਿਹਾ ਕਿ ਜੇ ਇਹ ਪਾਰਲੀਮੈਂਟ ਮੈਂਬਰ ਕਿਸਾਨਾਂ ਦੀ ਗੱਲ ਨਹੀਂ ਕਰਦੇ ਤਾਂ ਉਨ੍ਹਾਂ ਦੇ ਹਲਕੇ ਦੇ ਲੋਕਾਂ ਨੂੰ ਉਨ੍ਹਾਂ ਦਾ ਲੇਖਾ ਜੋਖਾ ਕਰਨਾ ਚਾਹੀਦਾ ਹੈ।

ਮੁਨੀਸ਼ ਤਿਵਾੜੀ ਨੇ ਕਿਹਾ ਕਿ ਉਨ੍ਹਾਂ ਦੇ ਬਿੱਲ ਖੇਤੀ ਕਾਨੂੰਨਾਂ ਨੂੰ ਇਸ ਅਧਾਰ ਉੱਤੇ ਰੱਦ ਕਰਨ ਦੀ ਮੰਗ ਕਰਨਗੇ ਕਿ ਮੋਦੀ ਸਰਕਾਰ ਦੇ ਪਾਸ ਕੀਤੇ ਖੇਤੀ ਕਾਨੂੰਨ ਅਸਲ ਵਿੱਚ ਗੈਰਕਾਨੂੰਨੀ ਤੇ ਗੈਰ ਸੰਵਿਧਾਨਕ ਹਨ। ਤਿਵਾੜੀ ਨੇ ਕਿਹਾ ਕਿ ਉਹ ਕਿਸਾਨਾਂ ਪ੍ਰਤੀ ਹਮਦਰਦੀ ਰੱਖਦੇ ਦੂਜੀਆਂ ਪਾਰਟੀਆਂ ਦੇ ਪਾਰਲੀਮੈਂਟ ਮੈਂਬਰਾਂ ਦਾ ਸਮਰਥਨ ਵੀਲੈਣਦਾ ਯਤਨ ਕਰਨਗੇ। ਇਨ੍ਹਾਂ ਕਾਂਗਰਸੀ ਐੱਮ ਪੀਜ਼ ਨੇ ਕਿਹਾ ਕਿ ਮੋਦੀ ਸਰਕਾਰ ਦੇ ਹੰਕਾਰ ਨੂੰ ਚੁਣੌਤੀ ਦੇਣ ਦੀ ਜ਼ਰੂਰਤ ਹੈ।

# ਕੈਪਟਨ ਦਾ ਭਾਜਪਾ ਨੂੰ ਜਵਾਬ: ਖੇਤੀ ਕਾਨੂੰਨ ਨਾਲ ਸਿਆਸੀ ਮੌਤ ਦਾ ਬਿਗੁਲ ਪੰਜਾਬ ਵਿੱਚ ਭਾਜਪਾ ਦੇ ਪਤਨ ਦਾ ਕਾਰਨ ਬਣੇਗਾ

ਚੰਡੀਗੜ੍ਹ, 9 ਫਰਵਰੀ, (ਪੋਸਟ ਬਿਊਰੋ)-ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬਵਿੱਚ ਸ਼ਹਿਰੀ ਲੋਕਲ ਬਾਡੀਜ਼ ਦੀਆਂ ਚੋਣਾਂ ਵਿੱਚਭਾਜਪਾ ਨੂੰ 50 ਫੀਸਦੀ ਸੀਟਾਂ ਲਈ ਵੀ ਉਮੀਦਵਾਰ ਨਾ ਲੱਭਣ ਦਾ ਮਿਹਣਾ ਮਾਰ ਕੇ ਕਿਹਾ ਕਿ ਕਿਸਾਨਾਂ ਦੇ ਰੋਹ ਦਾ ਸ਼ਿਕਾਰ ਹੋਈ ਭਾਜਪਾ ਇਹ ਦੋਸ਼ ਕਾਂਗਰਸ ਦੇ ਸਿਰ ਮੜ੍ਹਨਾ ਚਾਹੁੰਦੀ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਨੂੰ ਸਿਆਸੀ ਗੁਮਨਾਮੀ ਵਿੱਚ ਜਾਣ ਦੀ ਤਿਆਰੀਸ਼ੁਰੂ ਕਰ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦਾ ਅੰਤ ਨਾ ਸਿਰਫ ਪੰਜਾਬ ਵਿੱਚ, ਸਗੋਂ ਕੇਂਦਰ ਵਿੱਚ ਵੀ ਹੋਣ ਵਾਲਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, 'ਲਗਪਗ 7 ਸਾਲਾਂ ਦੇ ਰਾਜ ਦੌਰਾਨ ਭਾਜਪਾ ਨੇ ਹਰ ਹਰਬਾ ਵਰਤ ਕੇ ਮਨੁੱਖੀ ਹੱਕਾਂ ਦੇ ਨਾਲ-ਨਾਲ ਦੇਸ਼ ਵਾਸੀਆਂ ਦੇ ਮਾਣ-ਸਤਿਕਾਰ ਅਤੇ ਇਛਾਵਾਂ ਨੂੰ ਬੁਰੀ ਤਰ੍ਹਾਂ ਲਿਤਾੜਿਆ ਹੈ।' ਉਨ੍ਹਾਂ ਕਿਹਾ ਕਿ ਜੇ ਸ਼ਹਿਰੀ ਪਾਰਟੀ ਕਹਾ ਕੇ ਖੁਸ਼ ਹੋਣ ਵਾਲੀ ਭਾਜਪਾ ਇਸ ਰਾਜ ਦੀ ਸਥਾਨਕ ਚੋਣਾਂ ਲਈ ਅੱਧੀਆਂ ਤੋਂ ਵੱਧ ਸੀਟਾਂ ਵਾਸਤੇ ਉਮੀਦਵਾਰ ਨਹੀਂ ਲੱਭ ਸਕਦੀ ਤਾਂ ਉਸ ਤੋਂ ਕਲਪਨਾ ਕੀਤੀ ਜਾ ਸਕਦੀ ਹੈ ਕਿ ਜੇ ਇਨ੍ਹਾਂ ਨੇ ਪੰਜਾਬ ਦੇ ਪੇਂਡੂ ਖੇਤਰ ਵਿੱਚ ਚੋਣਾਂ ਲੜਨ ਦਾ ਫੈਸਲਾ ਕੀਤਾ ਤਾਂ ਇਨ੍ਹਾਂ ਦਾ ਹਸ਼ਰ ਕੀ ਹੋਵੇਗਾ। ਮੁੱਖ ਮੰਤਰੀ ਨੇ ਪੰਜਾਬ ਭਾਜਪਾ ਦੇ ਉਸ ਦਾਅਵੇ ਨੂੰ ਵੀ ਰੱਦ ਕੀਤਾ ਕਿ ਲੋਕਲ ਚੋਣਾਂ ਦੀ ਮੁਹਿੰਮ ਵਿੱਚਭਾਜਪਾ ਦਾ ਵਿਰੋਧ ਕਰਨ ਵਾਲੇ ਪ੍ਰਦਰਸ਼ਨਕਾਰੀ ਕਿਸਾਨ ਨਹੀਂ, ਕਾਂਗਰਸੀ ਵਰਕਰ ਹਨ।

ਅਮਰਿੰਦਰ ਸਿੰਘ ਨੇ ਪੰਜਾਬ ਭਾਜਪਾ ਦੇ ਪ੍ਰਧਾਨ ਨੂੰ ਪੁੱਛਿਆ, 'ਕੀ ਤੁਸੀਂ ਸੱਚਮੁੱਚ ਸੋਚਦੇ ਹੋ ਕਿ ਪਿਛਲੇ ਕਈ ਮਹੀਨਿਆਂ ਤੋਂ ਕਿਸਾਨਾਂ ਬਾਰੇ ਬਦਜ਼ਬਾਨੀ ਕਰਨ ਤੇ ਉਨ੍ਹਾਂ ਦੇ ਜਮਹੂਰੀ ਅਤੇ ਸੰਵਿਧਾਨਕ ਹੱਕ ਕੁਚਲਣ ਦੇ ਬਾਅਦ ਤੁਸੀਂ ਬਚ ਸਕਦੇ ਹੋ।' ਉਨ੍ਹਾਂ ਵਿਅੰਗ ਕੀਤਾ ਕਿ ਤੁਸੀਂ ਆਪਣੇ ਸਹਿਯੋਗੀਆਂ ਅਤੇ ਅਕਾਲੀ ਦਲ ਵਰਗੀਆਂ ਸਾਬਕਾ ਸਹਿਯੋਗੀ ਧਿਰਾਂ ਨਾਲ ਮਿਲ ਕੇ ਉਨ੍ਹਾਂ ਕਿਸਾਨਾਂ ਦੇ ਮੂੰਹ ਵਿੱਚੋਂ ਬੁਰਕੀ ਖੋਹਣ ਦੀ ਸਾਜ਼ਿਸ਼ ਰਚੀ ਹੈ, ਜਿਹੜੇ ਤੁਹਾਡਾ ਢਿੱਡ ਭਰਦੇ ਹਨ ਅਤੇ ਤੁਸੀਂ ਚਾਹੁੰਦੇ ਹੋ ਕਿ ਕਿਸਾਨ ਹਾਰ ਪਾ ਕੇ ਤੁਹਾਡਾ ਸਵਾਗਤ ਕਰਨ?"









# ਪਤੀ ਦੀ ਸਖਤੀ ਅਤੇ ਇਨਸਾਫ ਨਾ ਮਿਲਣ ਉੱਤੇ ਔਰਤ ਨੇ ਫਾਹਾ ਲੈ ਲਿਆ

ਬਠਿੰਡਾ, 9 ਫਰਵਰੀ (ਪੋਸਟ ਬਿਊਰੋ)- ਪਤੀ ਅਤੇ ਸਹੁਰਿਆਂ ਦੀ ਸਖਤੀ ਤੋਂ ਦੁਖੀ ਹੋ ਕੇ ਥਾਣਿਆਂ ਅਤੇ ਅਫਸਰਾਂ ਦੇ ਕੋਲ ਇਨਸਾਫ ਲਈ ਚੱਕਰ ਲਾਉਣ ਵਾਲੀ ਤੀਹ ਸਾਲ ਦੀ ਨਿਸ਼ਾ ਨੇ ਫਾਹਾ ਲਾ ਕੇ ਜਾਨ ਦੇ ਦਿੱਤੀ ਹੈ। ਵਰਨਣ ਯੋਗ ਹੈ ਕਿ ਨਿਸ਼ਾ ਉਹੀ ਔਰਤ ਹੈ, ਜੋ ਚਾਰ ਮਹੀਨੇ ਪਹਿਲਾਂ ਸਹੁਰਿਆਂ ਤੋਂ ਦੁਖੀ ਹੋ ਕੇ ਇਨਸਾਫ ਲਈ ਐਸ ਐਸ ਪੀ ਦਫਤਰ ਪਹੁੰਚੀ ਸੀ ਅਤੇ ਸੁਣਵਾਈ ਨਾ ਹੋਣ ਉੱਤੇ ਉਸ ਨੇ ਹੰਗਾਮਾ ਕਰਦੇ ਹੋਏ ਐਸ ਐਸ ਪੀ ਦਫਤਰ ਦੇ ਬਾਹਰ ਜ਼ਮੀਨ ਉੱਤੇ ਮੱਥਾ ਤੱਕ ਪਟਕਿਆ ਸੀ। ਇਸ ਦੇ ਬਾਅਦ ਪੁਲਸ ਨੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਸੀ, ਪਰ ਕਾਰਵਾਈ ਨਾ ਹੋਣ ਉੱਤੇ ਔਰਤ ਨੇ ਜਾਨ ਦੇ ਦਿੱਤੀ। ਕੋਤਵਾਲੀ ਪੁਲਸ ਨੇ ਮ੍ਰਿਤਕਾ ਦੇ ਭਰਾ ਦੇ ਬਿਆਨਾਂ ਉੱਤੇ ਦੋਸ਼ੀ ਪਤੀ ਸੰਦੀਪ ਕੁਮਾਰ ਅਤੇ ਸੱਸ ਬਿਮਲਾ ਦੇ ਖਿਲਾਫ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਕੇਸ ਦਰਜ ਕਰ ਲਿਆ ਹੈ। ਮ੍ਰਿਤਕਾ ਆਪਣੇ ਪਿੱਛੇ ਇੱਕ ਅੱਠ ਸਾਲ ਅਤੇ ਇੱਕ ਢਾਈ ਸਾਲ ਦੇ ਦੋ ਬੇਟਿਆਂ ਨੂੰ ਛੱਡ ਗਈ ਹੈ।

ਏ ਐਸ ਆਈ ਬਿੰਦਰ ਸਿੰਘ ਨੇ ਦੱਸਿਆ ਕਿ ਗੰਗਾਰਾਮ ਵਾਲੀ ਗਲੀ ਦੇ ਰਾਜੇਸ਼ ਕੁਮਾਰ ਨੇ ਦੱਸਿਆ ਕਿ ਉਸ ਦੀ ਭੈਣ ਨਿਸ਼ਾ ਰਾਣੀ ਦਾ ਵਿਆਹ ਮੁਹੱਲਾ ਝੁਟਿੱਕਾ ਦੇ ਸੰਦੀਪ ਕੁਮਾਰ ਨਾਲ ਹੋਇਆ ਸੀ। ਉਸ ਦਾ ਆਪਣੇ ਪਤੀ ਅਤੇ ਸੱਸ ਨਾਲ ਘਰੇਲੂ ਝਗੜਾ ਚੱਲਦਾ ਸੀ। ਨਿਸ਼ਾ ਨੂੰ ਉਸ ਦੇ ਪਤੀ ਨੇ ਬੱਚਿਆਂ ਸਮੇਤ ਘਰੋਂ ਕੱਢ ਦਿੱਤਾ ਸੀ ਅਤੇ ਤਲਾਕ ਲੈਣ ਲਈ ਕੋਰਟ ਵਿੱਚ ਕੇਸ ਕੀਤਾ ਸੀ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW


# ਲੋਕਲ ਚੋਣਾਂ ਵਿੱਚ ਕਾਂਗਰਸੀ-ਅਕਾਲੀਆਂ ਦੀ ਹਿੰਸਕ ਝੜਪ, ਇਕ ਦੀ ਮੌਤ

ਮੋਗਾ, 9 ਫਰਵਰੀ, (ਪੋਸਟ ਬਿਊਰੋ)- ਏਥੋਂ ਦੇ ਕੱਚਾ ਦੁਸਾਂਝ ਰੋਡ ਉੱਤੇ ਵੋਟਰਾਂ ਨੂੰ ਸ਼ਰਾਬ ਵੰਡਦੇ ਤੇ ਹੁੱਲੜਬਾਜ਼ੀ ਕਰਦੇ ਵਾਰਡ ਨੰਬਰ 9 ਦੀ ਕਾਂਗਰਸੀ ਉਮੀਦਵਾਰ ਹਰਵਿੰਦਰ ਕੌਰ ਦੇ ਪਤੀ ਨਰਿੰਦਰ ਪਾਲ ਸਿੰਘ ਅਤੇ ਅਕਾਲੀ ਉਮੀਦਵਾਰ ਕੁਲਵਿੰਦਰ ਕੌਰ ਦੇ ਪਰਿਵਾਰ ਵਾਲੇ ਜਗਦੀਪ ਸਿੰਘ ਤੇ ਬੱਬੂਗਿੱਲ ਵਿਚਾਲੇ ਹਿੰਸਕ ਝੜਪ ਹੋ ਗਈ ਹੈ, ਜਿਸ ਵਿਚ ਬੱਬੂਗਿੱਲ ਦੀ ਮੌਤ ਹੋ ਗਈ ਅਤੇ ਜਗਦੀਪ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ ਹੈ।

ਮੌਕੇ ਉੱਤੇ ਮੌਜੂਦ ਲੋਕਾਂ ਦੇ ਦੱਸਣ ਅਨੁਸਾਰ ਦੇਰ ਰਾਤ ਵਾਰਡ ਨੰਬਰ 9 ਵਿਚ ਕਾਂਗਰਸੀ ਉਮੀਦਵਾਰ ਹਰਵਿੰਦਰ ਕੌਰ ਦੇ ਪਤੀ ਕਾਂਗਰਸੀ ਆਗੂ ਨਰਿੰ-ਦਰਪਾਲ ਸਿੰਘ, ਉਨ੍ਹਾਂ ਦਾ ਪੁੱਤਰ ਅਤੇ ਕੁਝ ਹੋਰ ਲੋਕ ਚਾਰ-ਪੰਜ ਗੱਡੀਆਂ ਵਿਚ ਤੇਜ਼ ਹੂਟਰ ਮਾਰਦੇ ਹੋਏ ਘੁੰਮ ਰਹੇ ਸਨ ਤਾਂ ਕੱਚਾ ਦੁਸਾਂਝ ਰੋਡ ਉੱਤੇਕੁਝ ਲੋਕਾਂ ਨੇ ਵਿਰੋਧ ਕੀਤਾ। ਇਨ੍ਹਾਂ ਵਿਚ ਵਾਰਡ ਨੰਬਰ 9 ਤੋਂ ਅਕਾਲੀ ਉਮੀਦਵਾਰ ਕੁਲਵਿੰਦਰ ਕੌਰ ਦੇ ਸਮਰਥਕ ਜਗਦੀਪ ਸਿੰਘ ਅਤੇ ਬੱਬੂਗਿੱਲਵੀ ਸਨ। ਪਤਾ ਲੱਗਾ ਹੈ ਕਿ ਇਸ ਗੱਲਤੋਂ ਕਾਂਗਰਸ ਦੇ ਲੋਕਾਂ ਨੇ ਜਗਦੀਪ ਸਿੰਘ ਦੀ ਗੱਡੀ ਉੱਤੇ ਡਾਂਗਾਂ ਮਾਰਨੀਆਂਸ਼ੁਰੂ ਕਰ ਦਿੱਤੀਆਂ। ਓਥੇਮੌਜੂਦ ਕੁਝ ਮੀਡੀਆ ਵਾਲਿਆਂ ਨੇ ਜਦੋਂ ਰਿਕਾਰਡ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਾਂਗਰਸੀ ਆਗੂ ਨਰਿੰ-ਦਰਪਾਲ ਸਿੰਘ ਤੇ ਉਸ ਦੇ ਕੁਝ ਸਮਰਥਕਾਂ ਨੇ ਭੀੜ ਵਿਚੋਂ ਤੇਜ਼ੀ ਨਾਲ ਆਪਣੀ ਗੱਡੀ ਭਜਾਈ ਅਤੇ ਜਗਦੀਪ ਸਿੰਘ ਤੇ ਬੱਬੂਗਿੱਲ ਦੋਵਾਂ ਨੂੰ ਕੁਚਲਦੇ ਹੋਏ ਨਿਕਲ ਗਏ। ਹਾਦਸੇ ਪਿੱਛੋਂ ਗੰਭੀਰ ਜ਼ਖ਼ਮੀ ਹੋਏ ਬੱਬੂ ਗਿੱਲ ਤੇ ਜਗਦੀਪ ਸਿੰਘ ਦੇ ਸਮਰਥਕ ਮਥੁਰਾਦਾਸ ਸਿਵਲ ਹਸਪਤਾਲ ਵਿਚ ਲੈ ਕੇ ਆਏ, ਜਿੱਥੇ ਬੱਬੀ ਗਿੱਲ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਤੇ ਜਗਦੀਪ ਸਿੰਘ ਦੀ ਗੰਭੀਰ ਹਾਲਤ ਦੇ ਕਾਰਨ ਉਨ੍ਹਾਂ ਨੂੰ ਫ਼ਰੀਦਕੋਟ ਰੈਫਰ ਕਰ ਦਿੱਤਾ ਗਿਆ।

## ਮੰਦਰਾਂ ਉੱਤੇ ਵਧ ਰਹੇ ਸਰਕਾਰੀ ਕੰਟਰੋਲ ਤੋਂ ਸੰਤ ਸਮਾਜ ਚਿੰਤਤ

ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ)- ਭਾਰਤ ਵਿਚਲੇ ਪ੍ਰਮੁੱਖ ਹਿੰਦੂ ਮੰਦਰਾਂ 'ਤੇ ਵੱਧਦੇ ਸਰਕਾਰੀ ਕੰਟਰੋਲ ਕਾਰਨ ਸੰਤ ਸਮਾਜ ਚਿੰਤਾ ਵਿੱਚ ਹੈ। ਉਨ੍ਹਾਂ ਦੀ ਇਹ ਚਿੰਤਾ ਉਤਰਾਖੰਡ ਵਿੱਚ ਚਾਰ ਧਾਮ ਨੂੰ ਕਾਨੂੰਨ ਬਣਾ ਕੇ ਰਾਜ ਸਰਕਾਰ ਦੁਆਰਾ ਆਪਣੇ ਕੰਟਰੋਲ ਵਿੱਚ ਲੈਣ ਨਾਲ ਹੋਰ ਵੱਧ ਗਈ ਹੈ।

ਸੰਤ ਸਮਾਜ ਦੇ ਮੁਤਾਬਕ ਇਸ ਪਰੰਪਰਾ ਨੂੰ ਅੰਗਰੇਜ਼ਾਂ ਨੇ ਵਧਾਇਆ, ਪਰ ਦੁੱਖ ਦੀ ਗੱਲ ਇਹ ਹੈ ਕਿ ਆਜ਼ਾਦੀ ਦੇ ਬਾਅਦ ਵੀ ਨੌਕਰਸ਼ਾਹ ਅਤੇ ਨੇਤਾ ਆਪਣੇ ਸਵਾਰਥ ਲਈ ਇਸ ਨੂੰ ਅੱਗੇ ਵਧਾ ਰਹੇ ਹਨ। ਸੰਤ ਸਮਾਜ ਨੇ ਰਾਜ ਸਰਕਾਰਾਂ ਦੇ ਇਨ੍ਹਾਂ ਯਤਨਾਂ ਦੇ ਵਿਰੋਧ ਦੀ ਤਿਆਰੀ ਕੀਤੀ ਹੈ। ਇਸ ਬਾਰੇ ਰਾਸ਼ਟਰੀ ਸਵੈਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਦੀ ਮੌਜੂਦਗੀ ਵਿੱਚ ਦਿੱਲੀ ਵਿੱਚ ਆਚਾਰੀਆ ਮਹਾਂ ਸਭਾ ਦੀ ਬੈਠਕ ਹੋਈ ਹੈ। ਇਹ ਮੰਦਰਾਂ ਦੇ ਪ੍ਰਬੰਧਕੀ ਸਿਸਟਮ ਨੂੰ ਲੈ ਕੇ ਇਸ ਤਰ੍ਹਾਂ ਦੀ ਇਹ ਪਹਿਲੀ ਬੈਠਕ ਸੀ, ਜਿਸ ਵਿੱਚ ਸੰਤ ਸਮਾਜ ਨੇ ਦੇਸ਼ ਦੇ ਪ੍ਰਮੁੱਖ ਮੰਦਰਾਂ ਦੇ ਪ੍ਰਬੰਧ ਦਾ ਕੰਮ ਸਰਕਾਰਾਂ ਵੱਲੋਂ ਆਪਣੇ ਹੱਥ ਵਿੱਚ ਲਏ ਜਾਣ ਉਤੇ ਚਿੰਤਾ ਪ੍ਰਗਟਾਈ ਹੈ। ਦੇਸ਼ ਵਿੱਚੋਂ 200 ਤੋਂ ਵੱਧ ਪ੍ਰਮੁੱਖ ਸੰਤਾਂ ਅਤੇ ਧਾਰਮਿਕ ਸੰਗਠਨਾਂ ਦੇ ਉਚ ਅਧਿਕਾਰੀਆਂ ਨੇ ਬੈਠਕ ਵਿੱਚ ਮੰਦਰਾਂ ਨੂੰ ਸਰਕਾਰੀ ਕੰਟਰੋਲ ਤੋਂ ਮੁਕਤ ਕਰਾਉਣ ਦੀ ਮੁਹਿੰਮ ਚਲਾਉਣ ਦਾ ਸੰਕਲਪ ਲਿਆ ਹੈ। ਇਸ ਦੇ ਲਈ ਕੇਂਦਰ ਸਰਕਾਰ ਤੋਂ ਮੰਦਰਾਂ ਦਾ ਸੰਚਾਲਨ ਸਮਾਜ ਦੇ ਜ਼ਰੀਏ ਯਕੀਨੀ ਕਰਾਉਣ ਦੇ ਲਈ ਕਾਨੂੰਨ ਬਣਾਉਣ ਦੀ ਅਪੀਲ ਕਰਨਾ ਸ਼ਾਮਲ ਹੈ। ਇਸ ਬੈਠਕ ਵਿੱਚ ਉਤਰਾਖੰਡ ਵਿੱਚ ਚਾਰ ਧਾਮ ਦੇਵਸਥਾਨਮ ਐਕਟ ਦਾ ਮਾਮਲਾ ਜ਼ੋਰ ਨਾਲ ਉਠਿਆ, ਜਿਸ ਵਿੱਚ ਬਦਰੀਨਾਥ, ਕੇਦਾਰਨਾਥ, ਯਮੁਨੋਤਰੀ ਅਤੇ ਗੰਗੋਤਰੀ ਸਮੇਤ 51 ਮੰਦਰਾਂ ਦਾ ਪ੍ਰਬੰਧ ਰਾਜ ਸਰਕਾਰ ਨੇ ਆਪਣੇ ਹੱਥ ਲੈਣ ਪ੍ਰਬੰਧ ਕੀਤਾ ਹੈ। ਇਸੇ ਤਰ੍ਹਾਂ ਸਬਰੀਮਾਲਾ ਮੰਦਰ, ਤਿਰੂਪਤੀ ਬਾਲਾ ਜੀ, ਪਦਮਨਭਾਸਵਾਮੀ ਮੰਦਰ ਸਮੇਤ ਬਾਕੀ ਮੰਦਰਾਂ ਦੇ ਸਰਕਾਰੀ ਕੰਟਰੋਲ ਦਾ ਮੁੱਦਾ ਉਠਿਆ।

ਵਿਸ਼ਵ ਹਿੰਦੂ ਪ੍ਰੀਸ਼ਦ (ਵਿਹਿਪ) ਦੇ ਜਾਇੰਟ ਜਨਰਲ ਸੈਕਟਰੀ ਸੁਰਿੰਦਰ ਜੈਨ ਨੇ ਕਿਹਾ ਕਿ ਪ੍ਰੀਸ਼ਦ ਇਸ ਮੁੱਦੇ ਨੂੰ ਪਹਿਲਾਂ ਤੋਂ ਉਠਾਉਂਦੀ ਰਹੀ ਹੈ ਅਤੇ ਸੰਤਾਂ ਦੇ ਅੱਗੇ ਆਉਣ ਨਾਲ ਸੰਕਲਪ ਹੋਰ ਮਜ਼ਬੂਤ ਹੋਇਆ ਹੈ। ਇਸ ਸੰਘਰਸ਼ ਨੂੰ ਜਾਰੀ ਰੱਖਿਆ ਜਾਏਗਾ ਤੇ ਮੰਦਰਾਂ ਨੂੰ ਸਰਕਾਰ ਦੇ ਕਬਜ਼ੇ 'ਚੋਂ ਮੁਕਤ ਕਰਾਇਆ ਜਾਏਗਾ।

## ਨੇਪਾਲ-ਭਾਰਤ ਸਰਹੱਦੀ ਮੁੱਦੇ ਦਾ ਹੱਲ ਗੱਲਬਾਤ ਰਾਹੀਂ ਹੋਣਾ ਚਾਹੀਦੈ : ਓਲੀ

ਕਾਠਮੰਡੂ, 9 ਫਰਵਰੀ (ਪੋਸਟ ਬਿਊਰੋ)- ਨੇਪਾਲ ਦੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੇ ਕਿਹਾ ਹੈ ਕਿ ਭਾਰਤ ਦੇ ਨਾਲ ਸਰਹੱਦ ਦੇ ਮੁੱਦੇ ਦਾ ਹੱਲ ਗੰਭੀਰ ਡਿਪਲੋਮੈਟਿਕ ਕੋਸ਼ਿਸ਼ਾਂ ਅਤੇ ਸਿਆਸੀ ਗੱਲਬਾਤ ਰਾਹੀਂ, ਸਬੂਤਾਂ, ਸਮਾਨਤਾ, ਸਨਮਾਨ ਅਤੇ ਇਨਸਾਫ ਨਾਲ ਹੋਣਾ ਚਾਹੀਦਾ ਹੈ, ਕਿਸੇ ਦਬਾਅ ਅੱਗੇ ਝੁੱਕ ਕੇ ਨਹੀਂ।

ਪ੍ਰਧਾਨ ਮੰਤਰੀ ਓਲੀ ਨੇ 'ਨੇਪਾਲ ਦੇ ਕੌਮਾਂਤਰੀ ਸਰਹੱਦੀ ਸੁਰੱਖਿਆ ਅਤੇ ਮੈਨੇਜਮੈਂਟ ਵਿੱਚ ਸੁਰੱਖਿਆ ਏਜੰਸੀਆਂ ਵਿਚਾਲੇ ਤਾਲਮੇਲ' ਵਿਸ਼ੇ 'ਤੇ ਕੱਲ੍ਹ ਇੱਕ ਸੈਮੀਨਾਰ ਵਿੱਚ ਕਿਹਾ ਕਿ ਨੇਪਾਲ ਲਿੰਪਿਯਾਧੁਰਾ, ਲਿਪੁਲੇਖ ਅਤੇ ਕਾਲਾਪਾਣੀ 'ਤੇ ਭਾਰਤ ਦੇ ਨਾਲ ਤੱਥਾਂ ਅਤੇ ਦਸਤਾਵੇਜ਼ੀ ਸਬੂਤ ਦੇ ਆਧਾਰ 'ਤੇ ਖੁੱਲ੍ਹੇ ਅਤੇ ਦੋਸਤਾਨਾ ਮਾਹੌਲ ਨਾਲ ਗੱਲ ਕਰੇਗਾ। ਵਰਨਣ ਯੋਗ ਹੈ ਕਿ ਪਿਛਲੇ ਸਾਲ ਨੇਪਾਲ ਸਰਕਾਰ ਨੇ ਤਿੰਨ ਭਾਰਤੀ ਖੇਤਰਾਂ ਨੂੰ ਨੇਪਾਲ ਦਾ ਹਿੱਸਾ ਦੱਸ ਕੇ ਨਵਾਂ ਨਕਸ਼ਾ ਜਾਰੀ ਕਰ ਕੇ ਸਰਹੱਦੀ ਵਿਵਾਦ ਖੜਾ ਕਰ ਦਿੱਤਾ ਸੀ। ਉਨ੍ਹਾਂ ਨੇ ਕਿਹਾ ਕਿ ਨੇਪਾਲ ਲਈ ਜ਼ਰੂਰੀ ਹੈ ਕਿ ਉਹ ਦੱਖਣੀ ਗੁਆਂਢੀ ਦੇ ਨਾਲ ਸੁਖਾਵੇਂ ਸਬੰਧ ਬਣਾਵੇ ਅਤੇ ਦੋਸਤੀ ਵਧਾਵੇ ਜਿਸਲਈ ਅਸੀਂ ਨਵਾਂ ਨਕਸ਼ਾ ਛਾਪਿਆ ਹੈ ਤਾ ਕਿ ਭਾਰਤ ਨਾਲ ਗੱਲਬਾਤ ਕਰੀਏ ਅਤੇ ਗੱਲਬਾਤ ਨਾਲ ਆਪਣੀ ਜ਼ਮੀਨ ਵਾਪਸ ਲਈਏ। ਉਨ੍ਹਾਂ ਕਿਹਾ ਕਿ ਭਾਰਤ ਨਾਲ ਸੁਸਤਾ ਅਤੇ ਕੰਚਰਪੁਰ 'ਚ ਵੀ ਸਰਹੱਦੀ ਵਿਵਾਦ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਜ਼ਮੀਨ ਵਾਪਸ ਲੈਣ ਦੀ ਲੋੜ ਹੈ, ਸਾਨੂੰ ਕੋਈ ਵੀ ਕਦਮ ਤੱਥਾਂ ਅਤੇ ਸਬੂਤਾਂ ਦੇ ਆਧਾਰ 'ਤੇ ਉਠਾਉਣਾ ਚਾਹੀਦਾ ਹੈ ਅਤੇ ਅਸੀਂ ਉਸ ਆਧਾਰ 'ਤੇ ਆਪਣੀ ਜ਼ਮੀਨ ਦਾ ਦਾਅਵਾ ਕਰਾਂਗੇ।


Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

BOBBY SIDHU
partner
(Serving the Community for Over 16 yrs.)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
GURSHARAN BOBBY SIDHU
You only pay upon settlement
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana

ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com




Grand Upholstery Ltd
Sofa Company Originality in Every Piece
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
Special on Sale
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ


ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7




ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training

Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਪੀ.ਐੱਸ.ਬੀ.ਸੀਨੀਅਰਜ਼ ਕਲੱਬ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼-ਪੁਰਬ ਜ਼ੂਮ-ਮੀਟਿੰਗ ਨਾਲ ਮਨਾਇਆ







ਬਰੈਂਪਟਨ, (ਡਾ. ਝੰਡ) -ਭਾਰਤ ਦੇ ਵੱਡੇ ਬੈਂਕਾਂ ਵਿਚ ਸ਼ਾਮਲ ਅਹਿਮ ਬੈਂਕ 'ਪੰਜਾਬ ਐਂਡ ਸਿੰਧ ਬੈਂਕ' ਦੇ ਸੇਵਾ-ਮੁਕਤ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਬਰੈਂਪਟਨ ਵਿਚ ਪਿਛਲੇ ਤਿੰਨ ਕੁ ਸਾਲ ਤੋਂ ਬਾਖ਼ੂਬੀ ਵਿਚਰ ਰਹੀ ਪੀ.ਐੱਸ.ਬੀ.ਸੀਨੀਅਰਜ਼ ਕਲੱਬ ਸਾਰੇ ਹੀ ਧਾਰਮਿਕ ਤੇ ਸੱਭਿਆਚਾਰਕ ਸਮਾਗ਼ਮ ਆਪਣੇ ਸਾਰੇ ਮੈਂਬਰਾਂ ਨਾਲ ਮਿਲ ਕੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਉਂਦੀ ਹੈ। ਇਸ ਸਿਲਸਿਲੇ ਨੂੰ ਅੱਗੇ ਤੋਰਦਿਆਂ ਉਸ ਨੇ ਕਰੋਨਾ ਦੀ ਅਜੋਕੀ ਸਥਿਤੀ ਨੂੰ ਮੁੱਖ ਰੱਖਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼-ਪੁਰਬ ਲੰਘੇ ਐਤਵਾਰ 7 ਫ਼ਰਵਰੀ ਨੂੰ ਭਰਵੀਂ ਜ਼ੂਮ-ਮੀਟਿੰਗ ਕਰਕੇ ਮਨਾਇਆ। ਕਲੱਬ ਦੇ ਸਕੱਤਰ ਹਰਚਰਨ ਸਿੰਘ ਤੋਂ ਪ੍ਰਾਪਤ ਸੂਚਨਾ ਅਨੁਸਾਰ ਇਸ ਜ਼ੂਮ-ਮੀਟਿੰਗ ਵਿਚ ਕਲੱਬ ਦੇ 75 ਮੈਂਬਰਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਬੁਲਾਰਿਆਂ ਵਿਚ ਸਿੱਖ ਧਰਮ ਦੇ ਉੱਘੇ ਪ੍ਰਚਾਰਕ ਡਾ. ਗੁਲਜ਼ਾਰ ਸਿੰਘ, ਬਰੈਂਪਟਨ ਸਾਊਥ ਦੇ ਐੱਮ.ਪੀ.ਪੀ. ਅਮਰਜੋਤ ਸਿੰਘ ਸੰਧੂ, ਸਕੂਲ-ਟਰੱਸਟੀ ਬਲਬੀਰ ਸੋਹੀ, ਸੁਖਦੇਵ ਸਿੰਘ ਬੇਦੀ, ਡਾ. ਸੁਖਦੇਵ ਸਿੰਘ ਝੰਡ ਅਤੇ ਮਿਸ਼ਨਰੀ ਪ੍ਰੋ.ਰਾਜਾ ਸਿੰਘ ਸ਼ਾਮਲ ਸਨ। ਲੱਗਭੱਗ ਤਿੰਨ ਘੰਟੇ ਚੱਲੀ ਇਸ ਜ਼ੂਮ-ਮੀਟਿੰਗ ਵਿਚ ਵੱਖ-ਵੱਖ ਗਾਇਕਾਂ ਵੱਲੋਂ ਸ਼ਬਦ-ਕੀਰਤਨ ਦਾ ਪ੍ਰਵਾਹ ਵੀ ਚਲਾਇਆ ਗਿਆ।

ਜ਼ੂਮ-ਮੀਟਿੰਗ ਦੇ ਸੰਚਾਲਕ ਗੁਰਚਰਨ ਸਿੰਘ ਖੱਖ ਵੱਲੋਂ ਮੀਟਿੰਗ ਵਿਚ ਸ਼ਾਮਲ ਮੈਂਬਰਾਂ ਤੇ ਮਹਿਮਾਨਾਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਬੀਬੀ ਕੰਵਲਜੀਤ ਕੌਰ ਖੱਖ, ਤੇਜਿੰਦਰ ਪਾਲ ਸਿੰਘ, ਹਰਵਿੰਦਰ ਪਾਲ ਸਿੰਘ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਅਤੇ ਉਨ੍ਹਾਂ ਸਬੰਧੀ ਭਾਈ ਨੰਦ ਲਾਲ ਜੀ ਦੇ ਉਚਾਰੇ ਗਏ ਸ਼ਬਦਾਂ ਦਾ ਗਾਇਨ ਕੀਤਾ ਗਿਆ ਅਤੇ ਮਲੂਕ ਸਿੰਘ ਕਾਹਲੋਂ ਵੱਲੋਂ ਗੁਰੂ ਸਾਹਿਬ ਨਾਲ ਸਬੰਧਿਤ ਇਕ ਕਵਿਤਾ ਪੇਸ਼ ਕੀਤੀ ਗਈ। ਉਪਰੰਤ, ਸਿੱਖ ਧਰਮ ਤੇ ਇਤਿਹਾਸ ਦੇ ਉੱਘੇ-ਪ੍ਰਚਾਰਕ ਡਾ. ਗੁਲਜ਼ਾਰ ਸਿੰਘ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਤੋਂ ਸ਼ੁਰੂ ਕਰਕੇ ਪਾਉਂਟਾ ਸਾਹਿਬ ਵਿਖੇ 52 ਕਵੀਆਂ ਦੀ ਸੰਗਤ ਕਰਨ, ਭੰਗਾਣੀ ਦੇ ਯੁੱਧ, ਚਮਕੌਰ ਦੀ ਕੱਚੀ ਗੜ੍ਹੀ ਦੇ ਮੈਦਾਨ ਵਿਚ ਲੜੀ ਗਈ ਸੰਸਾਰ ਦੀ ਸੱਭ ਤੋਂ ਅਸਾਂਵੀ ਲੜਾਈ ਅਤੇ ਖਿਦਰਾਣੇ ਦੀ ਢਾਬ ਦੇ ਕੰਢੇ ਹੋਈ ਫ਼ੈਸਲਾਕੁਨ ਲੜਾਈ ਦੇ ਹਵਾਲੇ ਦੇ ਕੇ ਉਨ੍ਹਾਂ ਦੇ 'ਸੰਤ' ਹੋਣ ਦੇ ਨਾਲ ਨਾਲ 'ਮਹਾਨ ਸਿਪਾਹੀ' ਅਤੇ 'ਉੱਘੇ ਜਰਨੈਲ' ਹੋਣ ਦੀ ਗੱਲ ਵਿਸਥਾਰ ਵਿਚ ਕੀਤੀ। ਕਲੱਬ ਦੇ ਮੈਂਬਰ ਸੁਖਦੇਵ ਸਿੰਘ ਬੇਦੀ ਨੇ ਗੁਰੂ ਸਾਹਿਬ ਦੇ ਸਮੁੱਚੇ ਜੀਵਨ ਦੇ ਵਿਲੱਖਣ ਅੰਦਾਜ਼ ਬਾਰੇ ਗੱਲ ਕੀਤੀ ਗਈ।

ਇਸ ਜ਼ੂਮ-ਮੀਟਿੰਗ ਵਿਚ ਹਿੱਸਾ ਲੈਂਦਿਆਂ ਬਰੈਂਪਟਨ ਵੈੱਸਟ ਤੋਂ ਐੱਮ.ਪੀ.ਪੀ. ਅਮਰਜੋਤ ਸਿੰਘ ਸੰਧੂ ਨੇ ਅਜਿਹੇ ਸਮਾਗ਼ਮ ਰਚਾਉਣ ਲਈ ਪੀ.ਐੱਸ.ਬੀ.ਸੀਨੀਅਰਜ਼ ਕਲੱਬ ਦੇ ਪ੍ਰਬੰਧਕਾਂ ਨੂੰ ਹਾਰਦਿਕ ਵਧਾਈ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਸੰਖੇਪ ਵਿਚ ਬੋਲਦਿਆਂ ਹੋਇਆਂ ਉਨ੍ਹਾਂ ਓਨਟਾਰੀਓ ਸੂਬੇ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਲੋਕ ਭਲਾਈ ਸਕੀਮਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਸਕੂਲ-ਟਰੱਸਟੀ ਬਲਬੀਰ ਸੋਹੀ ਨੇ ਗੁਰੂ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀ ਦਾ ਜ਼ਿਕਰ ਕਰਦਿਆਂ ਹੋਇਆਂ ਭਵਿੱਖ ਵਿਚ ਅਗਲੀ ਪੀੜ੍ਹੀ ਦੇ ਬੱਚਿਆਂ ਲਈ ਸਕੂਲੀ ਸਿੱਖਿਆ ਅਤੇ ਪੰਜਾਬੀ ਦੀ ਪੜ੍ਹਾਈ ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਪੰਜਾਬੀ ਪਰਿਵਾਰਾਂ ਨੂੰ ਆਪਣੇ ਬੱਚਿਆਂ ਨੂੰ ਮਾਤ-ਭਾਸ਼ਾ ਪੰਜਾਬੀ ਨਾਲ ਜੋੜਨ ਦੀ ਗੱਲ ਕੀਤੀ।

ਡਾ. ਸੁਖਦੇਵ ਸਿੰਘ ਝੰਡ ਨੇ ਇਸ ਮੀਟਿੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਜ਼ ਨੌਂ ਸਾਲ ਦੀ ਉਮਰ ਵਿਚ ਪਿਤਾ ਗੁਰੂ ਤੇਗ਼ ਬਹਾਦਰ ਜੀ ਨੂੰ ਆਪਣੀ ਕੁਰਬਾਨੀ ਦੇਣ ਲਈ ਦਿੱਲੀ ਤੋਰਨ, ਚਮਕੌਰ ਦੀ ਅਸਾਂਵੀ ਲੜਾਈ ਵਿਚ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਸਰਹੰਦ ਦੀ ਦੀਵਾਰ ਵਿਚ ਛੋਟੇ ਮਾਸੂਮ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਇਸ ਦੇ ਨਾਲ਼ ਹੀ ਮਾਤਾ ਗੁਜਰੀ ਜੀ ਦੀ ਅਦੁੱਤੀ ਕੁਰਬਾਨੀ ਉਪਰੰਤ ਗੁਰੂ ਸਾਹਿਬ ਦੇ 'ਸਰਬੰਸ-ਦਾਨੀ' ਦਾ ਖ਼ਿਤਾਬ ਹਾਸਲ ਕਰਨ ਦਾ ਜ਼ਿਕਰ ਕੀਤਾ। ਦੇਸ਼ ਅਤੇ ਕੌਮ ਦੀ ਖ਼ਾਤਰ ਗੁਰੂ ਜੀ ਵੱਲੋਂ ਦਿੱਤੀ ਗਈ ਮਹਾਨ ਕੁਰਬਾਨੀ ਦੇ ਇਸ ਪੱਖ ਨੂੰ ਹੋਰ ਅੱਗੇ ਵਧਾਉਂਦਿਆਂ ਮਿਸ਼ਨਰੀ ਪ੍ਰੋ. ਰਾਜਾ ਸਿੰਘ ਨੇ ਕਿਹਾ ਕਿ ਕੇਵਲ 42 ਸਾਲ ਦੀ ਉਮਰ ਵਿਚ ਉਨ੍ਹਾਂ ਨੇ ਉਹ ਕੁਝ ਕਰ ਵਿਖਾਇਆ ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ 'ਸੰਤ-ਸਿਪਾਹੀ' ਹੋਣ ਦੇ ਨਾਲ਼-ਨਾਲ ਗੁਰੂ ਜੀ ਮਹਾਨ ਸਾਹਿਤਕਾਰ ਵੀ ਸਨ। ਉਨ੍ਹਾਂ ਦੀ ਰਚੀ ਗਈ ਗੁਰਬਾਣੀ 'ਜਾਪ ਸਾਹਿਬ', 'ਅਕਾਲ ਉਸਤਤਿ', 'ਚੌਪਈ ਸਾਹਿਬ' ਦੇ ਨਾਲ ਨਾਲ 'ਬਚਿੱਤਰ ਨਾਟਕ ਅਤੇ 'ਚੰਡੀ ਦੀ ਵਾਰ' ਵਰਗੀਆਂ ਮਹਾਨ ਉਤਸ਼ਾਹੀ ਰਚਨਾਵਾਂ ਵੀ ਕੀਤੀਆਂ। ਉਨ੍ਹਾਂ ਦੇ 'ਜ਼ਫ਼ਰਨਾਮੇ' ਨੇ ਔਰੰਗਜ਼ੇਬ ਬਾਦਸ਼ਾਹ ਨੂੰ ਉਸ ਦੇ ਵੱਲੋਂ ਕੀਤੇ ਗਏ ਕੁਕਰਮਾਂ 'ਤੇ ਪਛਤਾਵਾ ਕਰਨ ਲਈ ਮਜਬੂਰ ਕੀਤਾ ਜੋ ਉਸ ਦੀ ਮੌਤ ਦਾ ਕਾਰਨ ਵੀ ਬਣਿਆਂ। ਤਲਵੰਡੀ ਸਾਬੋ ਜੋ ਅੱਜਕੱਲ੍ਹ 'ਸ੍ਰੀ ਦਮਦਮਾ ਸਾਹਿਬ' ਵਜੋਂ ਜਾਣਿਆਂ ਜਾਂਦਾ ਹੈ, ਵਿਚ ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਦੇ ਹੱਥੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਮੁੜ ਰਚਨਾ ਕੀਤੀ।

ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਮੀਤਾ ਖੰਨਾ ਨੇ ਸ਼ਬਦ "ਰੇ ਮਨ ਐਸੋ ਕਰ ਸੰਨਿਆਸਾ" ਅਤੇ ਅਮਰਜੀਤ ਕੌਰ ਵੱਲੋਂ "ਚੋਜੀ ਮੇਰੇ ਗੋਬਿੰਦਾ" ਗਾਏ ਗਏ। ਜ਼ੂਮ-ਸਮਾਗ਼ਮ ਵਿਚ ਵੱਡੀ ਗਿਣਤੀ ਵਿਚ ਹਾਜ਼ਰ ਮੈਂਬਰਾਂ ਦੇ ਨਾਲ ਇਸ ਸੀਨੀਅਜ਼ ਕਲੱਬ ਦੀ ਪ੍ਰਬੰਧਕੀ ਕਮੇਟੀ ਪ੍ਰਧਾਨ ਗਿਆਨ ਪਾਲ, ਸਕੱਤਰ ਹਰਚਰਨ ਸਿੰਘ, ਖ਼ਜ਼ਾਨਚੀ ਮਨਜੀਤ ਸਿੰਘ ਗਿੱਲ ਅਤੇ ਐੱਗਜ਼ੈੱਕਟਿਵ ਮੈਂਬਰ ਰਾਮ ਸਿੰਘ, ਸੁਖਦੇਵ ਸਿੰਘ ਬੇਦੀ, ਮੁਖ਼ਤਿਆਰ ਸਿੰਘ ਮੁਲਤਾਨੀ ਅਤੇ ਰਘਬੀਰ ਸਿੰਘ ਵੀ ਸ਼ਾਮਲ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ
Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ


ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ



ਨੈਨੀ ਦੀ ਲੋੜ
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884



BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE



- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-


Karnail Singh


416.670.3173 | 905.799.7333
27 Edvac Dr, Brampton, ON L6S 5X8



Visions of Punjab


Natasha Mahal
Co-Host

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com


Iqbal Mahal
Producer & Host

Serving the South Asian Community Since 1976



PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com



# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224




KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best


FOR SALE
EXCLUSIVE FOR SALE IN WOODSTOCK

CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2455 | 42' |



CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |

FOR SALE
EXCLUSIVE
JAMES C

KAMAL SANDHU RE/MAX GOLD REALTY INC BROKERAGE

# ਸੰਘਰਸ਼ ਕਰ ਰਹੇ ਕਿਸਾਨਾਂ ਦੇ ਹੱਕ ਵਿਚ ਬਰੈਂਪਟਨ ਵਿਚ ਕੀਤਾ ਗਿਆ ਰੋਸ-ਪ੍ਰਦਰਸ਼ਨ

ਬਰੈਂਪਟਨ, (ਡਾ. ਝੰਡ) -ਪ੍ਰੋ. ਜਗੀਰ ਸਿੰਘ ਕਾਹਲੋਂ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਜੀਟੀਏ ਵਿਚਲੇ ਕਿਸਾਨ ਹਮਾਇਤੀ ਗਰੁੱਪ ਵੱਲੋਂ ਭਾਰਤ ਦੇ ਕਿਸਾਨੀ ਸੰਘਰਸ਼ ਦੀ ਹਮਾਇਤ ਵਿਚ ਸੰਯੁਕਤ ਮੋਰਚੇ ਦੇ ਦਿੱਤੇ ਗਏ ਹਰੇਕ ਐਕਸ਼ਨ ਵਿਚ ਬੜੇ ਉਤਸ਼ਾਹ ਅਤੇ ਜੋਸ਼ ਨਾਲ ਸ਼ਮੂਲੀਅਤ ਕੀਤੀ ਜਾਂਦੀ ਹੈ। ਇਸ ਵਾਰ ਸੰਯੁਕਤ ਕਿਸਾਨ ਮੋਰਚੇ ਵੱਲੋਂ 6 ਫ਼ਰਵਰੀ ਨੂੰ ਭਾਰਤ ਵਿਚ 'ਚੱਕਾ ਜਾਮ' ਦਾ ਸੱਦਾ ਦਿੱਤਾ ਗਿਆ ਸੀ ਜਿਸ ਨੂੰ ਮੁੱਖ ਰੱਖਦਿਆਂ ਹੋਇਆਂ ਜੀਟੀਏ ਦੇ ਇਸ ਕਿਸਾਨ ਹਮਾਇਤੀ ਗਰੁੱਪ ਵੱਲੋਂ ਬਰੈਂਪਟਨ ਵਿਚਲੇ ਭਾਰਤ ਦੇ ਪਾਸਪੋਰਟ ਦਫ਼ਤਰ ਦੇ ਸਾਹਮਣੇ ਅੱਤ ਦੀ ਠੰਡ ਦੇ ਬਾਵਜੂਦ




ਕਰੋਨਾ ਮਹਾਂਮਾਰੀ ਦੀਆਂ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਹੋਇਆਂ ਰੋਸ-ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਭਾਰਤ ਦੀ ਰਾਜਧਾਨੀ ਦਿੱਲੀ ਦੇ ਬਾਹਰਵਾਰ ਹੱਦਾਂ 'ਤੇ ਹੋ ਰਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਜਿਸ ਵਿਚ ਉੱਥੇ ਬਿਜਲੀ, ਪਾਣੀ ਅਤੇ ਇੰਟਰਨੈੱਟ ਦੀਆਂ ਸੇਵਾਵਾਂ ਬੰਦ ਕਰਨਾ, ਸੜਕਾਂ 'ਤੇ ਵੱਡੇ-ਵੱਡੇ ਕਿੱਲ ਗੱਡਣਾ, ਕੰਡੇਤਾਰ ਤਾਰ ਲਗਾਉਣਾ, ਆਦਿ ਸ਼ਾਮਲ ਹੈ, ਦੀ ਘੋਰ ਨਿਖੇਧੀ ਕੀਤੀ ਗਈ ਅਤੇ ਕਾਲੇ ਕਾਨੂੰਨਾਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ। ਬੁਲਾਰਿਆਂ ਵੱਲੋਂ ਕਿਸਾਨ ਸੰਘਰਸ਼ ਦੀ ਜਿੱਤ ਤੱਕ ਇਸ ਦੀ ਹਮਾਇਤ ਕਰਨ ਦਾ ਅਹਿਦ ਲਿਆ ਗਿਆ। ਇਸ ਸਮੇਂ ਵਿਚਾਰ ਪੇਸ਼ ਕਰਨ ਵਾਲਿਆਂ ਵਿਚ ਹਰਪ੍ਰਮਿੰਦਰ ਸਿੰਘ ਗ਼ਦਰੀ (ਅਲਾਇੰਸ ਆਫ਼ ਪ੍ਰੋਗਰੈੱਸਿਵ ਕੈਨੇਡੀਅਨਜ਼), ਮਲਕੀਅਤ ਸਿੰਘ (ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ), ਮੱਲ ਸਿੰਘ ਬਾਸੀ (ਪਰਵਾਸੀ ਪੰਜਾਬੀ ਪੈੱਨਸ਼ਨਰਜ਼




ਵੈੱਲਫੇਅਰ ਐਸੋਸੀਏਸ਼ਨ), ਹਰਜਸਪ੍ਰੀਤ ਕੌਰ ਗਿੱਲ (ਸਿਰਜਨਹਾਰੀ ਗਰੁੱਪ), ਸਰਬਜੀਤ ਕੌਰ ਕਾਹਲੋਂ (ਦਿਸ਼ਾ), ਪਰਮਜੀਤ ਸਿੰਘ ਬੜਿੰਗ (ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼), ਹਰਜੀਤ ਸਿੰਘ ਗਿੱਲ (ਪ੍ਰੋ. ਮੋਹਨ ਸਿੰਘ ਫ਼ਾਊਂਡੇਸ਼ਨ, ਕੈਨੇਡਾ) ਅਤੇ ਸ਼ਮਸ਼ਾਦ ਸ਼ਮਸ ਸ਼ਾਮਲ ਸਨ।

ਇਸ ਰੋਸ-ਮੁਜ਼ਾਹਰੇ ਵਿਚ ਸ਼ਮੂਲੀਅਤ ਕਰਨ ਵਾਲਿਆਂ ਦਾ ਧੰਨਵਾਦ ਹਰਿੰਦਰਪਾਲ ਹੁੰਦਲ (ਜੀਟੀਏ ਵੈੱਸਟ ਕਲੱਬ) ਵੱਲੋਂ ਕੀਤਾ ਗਿਆ ਅਤੇ ਬੁਲਾਰਿਆਂ ਨੂੰ ਵਾਰੀ ਸਿਰ ਬੁਲਾਉਣ ਦੀ ਜ਼ਿਮੇਂਵਾਰੀ ਪ੍ਰੋ. ਜਗੀਰ ਸਿੰਘ ਕਾਹਲੋਂ, ਜਨਰਲ ਸਕੱਤਰ 'ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ' ਵੱਲੋਂ ਨਿਭਾਈ ਗਈ।

# ਹੁਣ ਭੱਜੋ ਨਾ ਸਾਹਮਣਾ ਕਰੋ

-ਗੁਰਚਰਨ ਕੌਰ ਥਿੰਦ. ਕੈਲਗਰੀ

"26 ਜਨਵਰੀ ਦਾ ਦਿਨ। ਪੂਰੇ ਦੇਸ਼ ਵਿੱਚ ਗਣਤੰਤਰ ਦਿਵਸ ਮਨਾਇਆ ਜਾ ਰਿਹਾ। ਤਿਰੰਗਾ ਝੰਡਾ ਝੁਲਾਇਆ ਜਾ ਰਿਹਾ। ......ਕਿਸਾਨ ਮੋਰਚੇ ਨਾਲ ਸਬੰਧਤ ਕੁਝ ਉਤਸ਼ਾਹੀ ਨੌਜੁਆਨਾਂ ਵਲੋਂ ਲਾਲ ਕਿੱਲ੍ਹੇ ਤੇ ਧਾਰਮਿਕ ਚਿੰਨ੍ਹ ਵਾਲਾ ਝੰਡਾ ਝੁਲਾ ਦਿੱਤਾ ਗਿਆ। ਪੁਲਿਸ ਵਲੋਂ ਭੀੜ ਤੇ ਲਾਠੀ ਚਾਰਜ। ਭੀੜ ਤੇ ਪੁਲਿਸ ਵਿੱਚ ਆਪਸੀ ਟਕਰਾਅ। ਦੋਵੇਂ ਪਾਸਿਓਂ ਜ਼ਖਮੀ ਹੋਣ ਵਾਲਿਆਂ ਦੀ ਵੱਡੀ ਗਿਣਤੀ। ਇਸ ਕਾਰਜ ਨੂੰ ਅੰਜਾਮ ਦੇਣ ਵਾਲਾ ਵੱਖਵਾਦੀ ਅੱਤਵਾਦੀ ਆਗੂ ਮੋਟਰਸਾਈਕਲ ਤੇ ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ।......" ਅਜਿਹੀਆਂ ਖ਼ਬਰਾਂ ਸੰਸਾਰ ਭਰ ਦੇ ਮੀਡੀਏ ਦੁਆਰਾ ਇੱਕ ਤੋਂ ਬਾਦ ਇੱਕ ਪ੍ਰਸਾਰਤ ਹੋ ਰਹੀਆਂ। ਹਰੇਕ ਸੁਣਨ ਵਾਲੇ ਨੂੰ ਹੈਰਾਨ ਪ੍ਰੇਸ਼ਾਨ ਅਤੇ ਚਿੰਤਤ ਕਰ ਰਹੀਆਂ। ਕੀ ਸੋਚਿਆ ਸੀ ਕੀ ਹੋ ਗਿਆ? ਪ੍ਰਸ਼ਨ ਭਰੀਆਂ ਚਿੰਤਾਵਾਂ ਮੋਹਰੀ ਆਗੂਆਂ ਦੇ ਮੱਥੇ ਦੀ ਚਿੰਤਾ ਬਣ ਉਭਰ ਖਲੋਤੀਆਂ। ਕੌਣ ਹੈ? ਕਿਥੋਂ ਆਇਆ? ਕਿੱਥੇ ਗਿਆ? ਕੀਹਦੀ ਸ਼ਿਹ?......

ਇਸ ਘਟਨਾਕ੍ਰਮ ਦੇ ਪਿਛੋਕੜ ਵਲ ਝਾਤੀ ਮਾਰੀਏ।

ਜਨਵਰੀ ਦਾ ਮਹੀਨਾ। ਅੰਤਾਂ ਦੇ ਠੰਡੇ ਦਿਨ ਤੇ ਕਕਰੀਲੀਆਂ ਰਾਤਾਂ। ਦੋ ਮਹੀਨਿਆਂ ਤੋਂ ਪੂਰੇ ਦੇਸ਼ ਦਾ ਭਾਈਚਾਰਾ ਆਪਣੀਆਂ ਫ਼ਸਲਾਂ ਤੇ ਨਸਲਾਂ ਬਚਾਉਣ ਖਾਤਰ ਦਿੱਲੀ ਦੇ ਬਾਹਰਵਾਰ ਸੜਕਾਂ ਕਿਨਾਰੇ ਡੇਰੇ ਲਾਈ ਬੈਠਾ। "ਜਦੋਂ ਤਕ ਸਾਡੇ ਮਾਣ-ਸਵੈਮਾਣ ਤੇ ਸਾਡੀ ਪੁਸ਼ਤਾਂ ਦੀ ਕਿਰਤ ਕਮਾਈ ਦੇ ਸਾਧਨਾਂ ਦਾ ਸੋਸ਼ਣ ਕਰਨ ਵਾਲੇ ਮਾਰੂ ਕਾਨੂੰਨ ਵਾਪਸ ਨਹੀਂ ਲਏ ਜਾਂਦੇ ਅਸੀਂ ਇੱਥੇ ਹੀ ਬੈਠੇ ਵਿਰੋਧ ਕਰਦੇ ਰਹਾਂਗੇ" ਦਾ ਸੰਕਲਪ ਕਰੀ ਅਤਿ ਬ੍ਰਿਧ ਬਜ਼ੁਰਗ ਮਰਦ ਔਰਤਾਂ ਨੌਜੁਆਨ ਤੇ ਬੱਚਿਆਂ ਦਾ ਹਜੂਮ ਸੰਘਰਸ਼ ਦੇ ਰਾਹ ਪਿਆ ਹੋਇਆ ਹੈ। ਇਹ ਕਿਸਾਨਾਂ ਮਜ਼ਦੂਰਾਂ ਵਪਾਰੀਆਂ ਦੁਕਾਨਦਾਰਾਂ ਵਕੀਲਾਂ ਕਲਾਕਾਰਾਂ ਲੇਖਕਾਂ ਗੱਲ ਕੀ ਮੱਧ-ਵਰਗੀ ਆਮ ਲੋਕਾਂ ਦਾ ਆਪਣੀ ਹੋਂਦ ਨੂੰ ਬਚਾਉਣ ਖਾਤਰ ਲੱਖਾਂ ਲੋਕਾਂ ਵਲੋਂ ਵਿੱਢਿਆ ਸ਼ਾਂਤਮਈ ਜਨ-ਅੰਦੋਲਨ ਪੂਰੀ ਦੁਨੀਆਂ ਦੀ ਖਿੱਚ ਦਾ ਕੇਂਦਰ ਬਣਿਆ ਹੋਇਆ। ਟ੍ਰੈਕਟਰਾਂ ਟਰਾਲੀਆਂ ਬੱਸਾਂ ਟਰੱਕਾਂ ਤੰਬੂਆਂ ਦੇ ਵਸਾਏ ਉਚਾਵੇਂ ਜਿਹੇ ਘਰਾਂ ਵਿੱਚ ਇਹ ਲੱਖਾਂ ਲੋਕ ਐਨੇ ਲੰਮੇ ਸਮੇਂ ਤੋਂ ਸ਼ਾਂਤਮਈ ਢੰਗ ਨਾਲ ਜ਼ਿੰਦਗੀ ਬਸਰ ਕਰ ਰਹੇ ਪਹਿਲਾਂ ਸ਼ਾਇਦ ਨਾ ਕਿਸੇ ਵੇਖੇ ਹੋਣ ਜਾਂ ਸੁਣੇ ਹੋਣ।

26 ਜਨਵਰੀ ਦੇਸ਼ ਦੇ ਗਣਤੰਤਰ ਦਾ ਦਿਹਾੜਾ! ਦੇਸ਼ ਦੀ ਪ੍ਰਭੂਤਾ, ਦੇਸ਼ ਦੇ ਨਾਗਰਿਕਾਂ ਦੇ ਹੱਕਾਂ ਤੇ ਫ਼ਰਜ਼ਾਂ ਨੂੰ ਪਗ਼ਟਾਉਂਦਾ ਕੌਮੀ ਦਿਵਸ। ਦਿੱਲੀ ਵਿਖੇ ਰਵਾਇਤੀ ਪਰੇਡ ਦੇ ਨਾਲ ਲੋਕਾਂ ਦੇ ਇਸ ਅੰਦੋਲਕਾਰੀ ਹਜੂਮ ਵਲੋਂ ਆਪਣੀ ਹੋਂਦ, ਦੇਸ਼ ਪ੍ਰਤੀ ਆਪਣੀ ਸਮਰਪਤਾ, ਕਿਸਾਨੀ ਘੋਲ ਪ੍ਰਤੀ ਆਪਣੀ ਦ੍ਰਿੜਤਾ ਦਰਸਾਉਂਦੀ ਪਰੇਡ ਦੀਆਂ ਤਿਆਰੀਆਂ। ਪ੍ਰਸ਼ਾਸਨ ਵਲੋਂ ਇਸ 'ਟ੍ਰੈਕਟਰ ਪਰੇਡ' ਲਈ ਹਰੀ ਝੰਡੀ ਮਿਲਦਿਆਂ ਹੀ ਜ਼ਿੰਮੇਵਾਰ ਆਗੂਆਂ ਵਲੋਂ ਲੋਕਾਂ ਨੂੰ ਪ੍ਰਸ਼ਾਸਨ ਵਲੋਂ ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਪੂਰੀ ਸ਼ਾਂਤੀ ਅਤੇ ਜ਼ਿੰਮੇਵਾਰੀ ਨਾਲ ਇਸ ਪਰੇਡ ਵਿੱਚ ਸ਼ਾਮਲ ਹੋਣ ਲਈ ਬਾਰ ਬਾਰ ਬੇਨਤੀਆਂ। ਦੇਸ਼-ਪ੍ਰਦੇਸ਼ ਦੇ ਮੀਡੀਏ, ਸੋਸ਼ਲ ਮੀਡੀਏ ਅਤੇ ਲੋਕਾਂ ਦੀਆਂ ਨਿਗਾਹਾਂ ਇਸ ਪਰੇਡ ਦੀ ਸਫ਼ਲਤਾ ਅਸਫ਼ਲਤਾ ਤੇ ਟਿਕੀਆਂ ਹੋਈਆਂ।

ਉਸ ਦਿਨ!......ਨਿਯਤ ਸਮੇਂ ਕਿਸਾਨ ਆਗੂਆਂ ਦੀ ਅਗਵਾਈ ਵਿੱਚ ਟ੍ਰੈਕਟਰਾਂ ਟਰਾਲੀਆਂ 'ਤੇ ਸਵਾਰ ਇਸ ਵਿਸ਼ਾਲ ਸਮੂਹ ਦੇ ਤੁਰਨ ਤੋਂ ਪਹਿਲਾਂ ਹੀ ਕੁਝ ਅਖੌਤੀ ਆਗੂ ਭੀੜ ਦੇ ਇਕ ਹਿੱਸੇ ਨੂੰ ਪਿੱਛੇ ਲਾ ਪਰੇਡ ਦਾ ਨਿਰਧਾਰਤ ਮਾਰਗ ਛੱਡ ਵਖਰੇ ਰਾਹ ਹੋ ਤੁਰੇ। ਉਹਨਾਂ ਲਈ ਰਾਹ ਦੀਆਂ ਰੁਕਾਵਟਾਂ ਤੇ ਬੈਰੀਕੇਡ ਵੀ ਦੂਰ ਹੁੰਦੇ ਗਏ। ਕੁਝ ਜੋਸ਼ੀਲੇ ਕੁਝ ਭਾਵੁਕ ਤੇ ਕੁਝ ਘਬਰਾਏ ਲੋਕਾਂ ਦਾ ਜਮਘਟਾ ਲਾਲ ਕਿਲ੍ਹੇ ਦੇ ਸਾਹਮਣੇ ਆ ਲਗਾ। ਪਹਿਲਾਂ ਤੋਂ ਵਿਉਂਤੀ ਸਕੀਮ ਅਧੀਨ ਉਹਨਾਂ ਆਗੂਆਂ ਲਾਲ ਕਿਲ੍ਹੇ ਤੇ ਇਕ ਧਾਰਮਿਕ ਚਿੰਨ੍ਹ ਵਾਲਾ ਅਤੇ ਦੂਸਰਾ ਕਿਸਾਨੀ ਦਾ ਝੰਡਾ ਜਾ ਲਹਿਰਾਇਆ। ਲਾਲ ਕਿੱਲ੍ਹੇ ਦੇ ਬਾਹਰਵਾਰ ਦੀਆਂ ਵੀਡੀਓਜ਼ ਵਿੱਚ ਗਾਤਰਿਆਂ ਵਾਲੇ ਇੱਕ ਦੋ ਬਜ਼ੁਰਗ ਉੱਚੀ ਅਵਾਜ਼ ਵਿੱਚ ਮੁੰਡਿਆਂ ਨੂੰ ਅਜਿਹਾ ਕਰਨ ਤੋਂ ਰੋਕਦੇ ਵੀ ਸੁਣਾਈ ਦਿੱਤੇ। ਪੁਲਿਸ ਖ਼ਵਰੇ ਇਸ ਕਾਰਜ ਦੀ ਸਮਾਪਤੀ ਦੀ ਉਡੀਕ ਕਰ ਰਹੀ ਸੀ। ਹੁਣ ਉਹ ਲੋਕਾਂ ਦੀ ਭੀੜ ਨੂੰ ਤਿੱਤਰ ਬਿੱਤਰ ਕਰਨ ਲਈ ਲਾਠੀਆਂ ਵਰ੍ਹਾਉਣ ਲਗੀ। ਅਥਰੂ ਗੈਸ ਦੇ ਗੋਲ਼ੇ ਭੀੜ ਤੇ ਆ ਡਿੱਗੇ। ਕਹਿੰਦੇ ਗੋਲੀਆਂ ਵੀ ਚਲੀਆਂ। ਬੇਕਾਬੂ ਭੀੜ ਤੇ ਪੁਲਿਸ ਵਿੱਚ ਮਾਰਧਾੜ ਮੱਚ ਗਈ। ਸਾਰਾ ਦੇਸੀ ਵਿਦੇਸ਼ੀ ਮੀਡੀਆ ਇਸ ਖ਼ੌਫ਼ਨਾਕ ਭਗਦੜ ਨੂੰ ਆਪਣੇ ਆਪਣੇ ਢੰਗ ਤਰੀਕੇ ਨਾਲ ਫਿਲਮਾਉਣ ਤੇ ਵਿਖਾਉਣ ਵਿੱਚ ਰੁੱਝਾ ਹੋਇਆ। ਦੂਜੇ ਪਾਸੇ ਅਸਲੀ ਨਿਰਧਾਰਤ ਮਾਰਗਾਂ ਤੇ ਸ਼ਾਂਤਮਈ ਅਨੁਸਾਸ਼ਤ ਜਾ ਰਹੀ ਟ੍ਰੈਕਟਰ ਪਰੇਡ, ਜਿਸ ਉਪਰ ਲੋਕ ਫੁੱਲ ਵਰਸਾ ਰਹੇ ਹਨ ਅਤੇ ਤਰ੍ਹਾ ਤਰ੍ਹਾਂ ਦੇ ਲੰਗਰ ਛਕਾ ਰਹੇ ਹਨ, ਉਹ ਪਰੇਡ ਦੁਨੀਆਂ ਭਰ ਦੀਆਂ ਨਿਗਾਹਾਂ ਤੋਂ ਅਸਲੋਂ ਅਣਗੌਲ਼ੀ ਰਹਿ ਗਈ।

ਸੜਕ ਕਿਨਾਰੇ ਸਵੈ-ਸੇਵੀ ਡਾਕਟਰਾਂ ਦੀਆਂ ਟੀਮਾਂ ਫੱਟੜ, ਜਿਹਨਾਂ ਵਿੱਚ ਆਮ ਲੋਕ ਤੇ ਪੁਲਿਸ ਦੋਵੇਂ ਸ਼ਾਮਲ ਹਨ, ਦੇ ਜ਼ਖ਼ਮ ਸਿਉਂ ਰਹੀਆਂ, ਮਰ੍ਹਮ-ਪੱਟੀ ਕਰ ਰਹੀਆਂ ਖ਼ੁਦ ਪੁਲਿਸ ਜਾਂ ਪਤਾ ਨਹੀਂ ਪੁਲਿਸ ਵਰਦੀ ਵਿੱਚ ਸ਼ਰਾਰਤੀ ਅਨਸਰਾਂ ਦੇ ਕਹਿਰ ਦਾ ਸ਼ਿਕਾਰ ਹੁੰਦੀਆਂ ਰਹੀਆਂ। ਕੁਹਰਾਮ ਮੱਚ ਗਿਆ। ਜੋ ਵਿਉਂਤਿਆਂ ਨਹੀਂ ਸੀ ਕਿਆਸਿਆ ਨਹੀਂ ਸੀ ਜੋ ਨਹੀਂ ਹੋਣਾ ਚਾਹੀਦਾ ਸੀ ਪਤਾ ਨਹੀਂ ਕੀਹਨੇ ਕਰਵਾਇਆ? ਕਿਉਂ ਕਰਵਾਇਆ? ਕੀਹਨਾ ਨੇ ਕੀਤਾ? ਸੰਘਰਸ਼ ਦੇ ਅਸਲੀ ਮੁੱਦੇ ਤੋਂ ਹਟ ਗੱਲ ਵੱਖਵਾਦੀ, ਅਤਿਵਾਦੀ ਤੇ ਦੇਸ਼-ਧ੍ਰੋਹ ਦੇ ਮੁੱਦਿਆਂ ਤੇ ਆਣ ਟਿਕੀ। ਲੋਕ ਸੰਘਰਸ਼ ਨੂੰ ਸੈਬੋਟਾਈਜ਼ ਕਰਨ ਦਾ ਸਰਕਾਰੀ ਤੰਤਰ ਦਾ ਲੁਕਵਾਂ ਏਜੰਡਾ ਪੂਰੀ ਤਰ੍ਹਾਂ ਨੇਪਰੇ ਚਾੜ੍ਹ ਦਿੱਤਾ ਗਿਆ। ਅੰਦੋਲਨਕਾਰੀ ਆਗੂ ਇਸ ਘਟਨਾਕ੍ਰਮ ਨੂੰ ਵੇਖ ਸੁਣ ਭਬੰਤਰੇ ਰਹਿ ਗਏ। ਪ੍ਰੰਤੂ ਲੋਕਾਂ ਨੂੰ ਭਾਵੁਕ ਕਰ ਵਰਗਲਾਉਣ ਵਾਲੇ ਆਗੂ ਕਿੱਥੇ ਛਿਪਨ ਹੋ ਗਏ? ਇਸ ਮਾਅਰਕੇ ਨੂੰ ਅੰਜਾਮ ਦੇਣ ਵਾਲਾ ਨੌਜੁਆਨ ਆਗੂ ਪਤਾ ਹੀ ਨਹੀਂ ਲਗਾ ਕਦੋਂ ਤੇ ਕਿਥੋਂ ਪ੍ਰਗਟ ਹੋਇਆ ਅਤੇ ਕਦੋਂ ਤੇ ਕਿੰਵੇਂ ਅਲੋਪ ਹੋ ਗਿਆ? ਪਿੱਛੇ ਰਹਿ ਗਏ ਕਿੰਨੇ ਸਾਰੇ ਪ੍ਰਸ਼ਨ ਤੇ ਬੇਅੰਤ ਪੁੱਛਾਂ!!! ਆਖਿਰ ਕਿਉਂ ਕੀਤਾ ਗਿਆ ਇਹ ਕਾਰਨਾਮਾ? ਕੀ ਹਾਸਲ ਹੋਇਆ ਅਜਿਹਾ ਕਰਕੇ? ਕੀ ਲਾਭ ਪੁਚਾਇਆ ਸ਼ਾਂਤਮਈ ਚਲਦੇ ਲੋਕ-ਅੰਦੋਲਨ ਨੂੰ ਇਸ ਕਾਰਵਾਈ ਨੇ? ਕੀ ਮਨਸ਼ਾ ਲੈ ਕੇ ਇਸ ਵੱਖਰੀ ਸੋਚ ਵਾਲੇ ਆਗੂਆਂ ਨੇ ਅਜਿਹਾ ਦੇਸ਼-ਧ੍ਰੋਹੀ ਕਦਮ ਚੁੱਕਣ ਦਾ ਇਰਾਦਾ ਬਣਾਇਆ? ਆਖਰ ਕਿਉਂ?.....ਕਿਉਂ?....ਕਿਉਂ?.....ਹੁਣ ਆਮ ਲੋਕ ਪੁੱਛ ਰਹੇ ਹਨ। ਲੋਕ-ਅੰਦੋਲਨ ਪੁੱਛ ਰਿਹਾ ਹੈ। ਭਵਿੱਖ ਵਿੱਚ ਇਤਿਹਾਸ ਦੇ ਲੇਖਕ ਪੁਛਣਗੇ ਵੀ ਅਤੇ ਘੋਖਣਗੇ ਵੀ।

ਇਸ ਕਾਰਜ ਦੇ ਕਾਰਜ ਕਰਤਾਓ! ਹੁਣ ਭੱਜਣ ਲੁੱਕਣ ਜਾਂ ਦੱੜ੍ਹ ਵੱਟਣ ਦਾ ਵੇਲਾ ਨਹੀਂ ਸਾਹਮਣੇ ਹੋ ਹਿੱਕ ਠੋਕ ਕੇ ਜੁਆਬ ਦੇਣ ਦੀ ਤੁਹਾਡੀ ਵਾਰੀ ਹੈ। ਜੁਆਬ ਦੇਣੇ ਪੈਣੇ ਅਤੇ ਦੇਣੇ ਬਣਦੇ ਵੀ ਨੇ। ਨੌਜੁਆਨਾਂ ਦੇ ਮੂੰਹੋਂ 'ਭਗਤ ਸਿੰਘ ਦੀ ਸੋਚ ਤੇ, ਪਹਿਰਾ ਦਿਆਂਗੇ ਠੋਕ ਕੇ' ਦੇ ਨਾਹਰੇ ਸੁਣਾਈ ਦੇਂਦੇ ਸਨ। ਤੁਸੀਂ ਦੇਸ਼ ਦੀ ਪ੍ਰਭੂਸੱਤਾ ਵਾਲੇ ਸਥਾਨ ਤੋਂ ਆਪਣੇ ਜੋਸ਼ ਦਾ ਝੰਡਾ ਬੁਲੰਦ ਕੀਤਾ ਹੈ। ਚਾਹੇ ਆਪਣੇ ਧਰਮ ਦੇ ਨਿਸ਼ਾਨ ਵਾਲਾ ਝੰਡਾ ਜਾਂ ਕਿਸਾਨੀ ਅੰਦੋਲਨ ਦਾ ਝੰਡਾ ਹੋਵੇ, ਝੰਡਾ ਝੁਲਾਉਣ ਦਾ ਮਤਲਬ ਆਪਣੇ ਮਕਸਦ ਦੀ ਪ੍ਰਾਪਤੀ ਦਰਸਾਉਣਾ ਹੈ। ਭਗਤ ਸਿੰਘ ਨੇ ਤਾਂ ਬੋਲ਼ੀ ਅੰਗਰੇਜ਼ ਹਕੂਮਤ ਦੇ ਕੰਨਾਂ ਤੱਕ ਅਜ਼ਾਦੀ ਦੀ ਹੂਕ ਪੁਚਾਉਣ ਹਿੱਤ ਇਨਕਲਾਬੀ ਕਦਮ ਉਠਾਇਆ। ਫਿਰ ਆਪਣੇ ਸਾਥੀਆਂ ਦੇ ਰੋਕਣ ਦੇ ਬਾਵਜੂਦ ਗ੍ਰਿਫ਼ਤਾਰ ਹੋਇਆ। ਫਿਰ ਕਚਹਿਰੀ ਵਿੱਚ ਆਪਣੇ ਟੀਚੇ ਦੀ ਗੱਲ ਖ਼ੁਦ ਦਲੀਲਾਂ ਨਾਲ ਜੱਜ ਸਾਹਮਣੇ ਕੀਤੀ। ਫਾਂਸੀ ਦੇ ਰੱਸੇ ਨੂੰ ਚੁੰਮ ਆਪਣੇ ਮਕਸਦ ਦੀ ਪ੍ਰਾਪਤੀ ਦਾ ਐਲਾਨ ਕੀਤਾ। ਹੁਣ ਭਾਈ! ਤੁਹਾਨੂੰ ਵੀ ਸਾਹਮਣੇ ਆਉਣਾ ਪਊ। ਆਪਣਾ ਮਕਸਦ ਤੇ ਮਕਸਦ ਦੀ ਪ੍ਰਾਪਤੀ ਬਿਆਨਣੀ ਪਊ। ਆਗੂਆਂ ਦੇ ਨਾਂ ਸਰਕਾਰੀ ਪ੍ਰਵਾਨੇ ਜਾਰੀ ਹੋ ਰਹੇ ਨੇ। ਦੱਸਣਾ ਪਊ ਕਿਹੜਾ ਕਿੰਨਾ ਜ਼ਿੰਮੇਵਾਰ ਹੈ? ਹੈ ਜੇਰਾ ਭਗਤ ਸਿੰਘ ਵਾਂਗ ਕਬੂਲਣ ਦਾ? ਤਾਂ ਕਬੂਲੋ ਫਿਰ ਹੁਣ! ਰੂਪੋਸ਼ ਹੋਇਆਂ ਸਰਨਾ ਨਹੀਂ! ਸਮਾਂ ਤੇ ਹਾਲਾਤ ਬਦਲੇ ਹੋਏ ਨੇ। "ਮੈਂ ਬਹੁਤ ਭਾਵੁਕ ਹਾਂ!" ਵਰਗੇ ਵੀਡੀਓ ਸ਼ੋਸ਼ੇ ਛੱਡਿਆਂ ਨਹੀਂ ਸਰਨਾ ਹੁਣ!

ਹਮਾਇਤੀ ਕਹਿ ਰਹੇ ਨੇ, ਫਿਰ ਕੀ ਹੋਇਆ ਤਿਰੰਗੇ ਦੇ ਬਰਾਬਰ ਖਾਲਸੇ ਦਾ ਝੰਡਾ ਝੁਲਾ ਦਿੱਤਾ ਤਾਂ! ਸਾਡਾ ਇਤਿਹਾਸ ਗਵਾਹ ਹੈ 'ਭਾਈ ਬਘੇਲ ਸਿੰਘ ਨੇ ਦੋ ਸੌ ਅਠੱਤੀ ਸਾਲ ਪਹਿਲਾਂ (1783 ਵਿੱਚ) ਦਿੱਲੀ ਦੇ ਇਸੇ ਲਾਲ ਕਿੱਲੇ ਤੇ ਕੇਸਰੀ ਝੰਡਾ ਲਹਿਰਾਇਆ ਸੀ। ਹੁਣ ਕੀ ਲੋਹੜਾ ਪੈ ਗਿਆ!' ਭਾਈ ਜੀ! ਲ਼ਗਦਾ ਏ ਇਤਿਹਾਸ ਸੁਣਿਆ ਹੀ ਏ ਪੜ੍ਹਿਆ ਨਹੀਂ। ਇਤਿਹਾਸ ਬਿਲਕੁਲ ਸੱਚ ਦਰਸਾਉਂਦਾ ਹੈ। ਬਘੇਲ ਸਿੰਘ ਨੇ ਤਾਂ ਉਸ ਸਮੇਂ ਦੇ ਮੁਗਲ ਹਾਕਮ ਸ਼ਾਹ ਆਲਮ ਦੀ ਇੱਕ ਲੱਖ ਫ਼ੌਜ ਦੇ ਗੋਡੇ ਲੁਆਏ ਸੀ। ਉਹਨੂੰ ਸ਼ਪਟਿਆਲੇ ਦੇ ਨੇੜੇ ਘਨੌਰ ਵਿਖੇ ਯੁੱਧ ਦੇ ਮੈਦਾਨ ਵਿੱਚ ਹਰਾਇਆ ਸੀ। ਫਿਰ ਉਸ ਜੇਤੂ ਬਹਾਦਰ ਯੋਧੇ ਲਈ ਬਾਦਸ਼ਾਹ ਸ਼ਾਹ ਆਲਮ ਨੇ ਆਪ ਲਾਲ ਕਿੱਲੇ ਦੇ ਦਰਵਾਜ਼ੇ ਖੁਲ੍ਹਵਾਏ ਸਨ ਅਤੇ ਮੁਗਲਾਂ ਦੇ ਝੰਡੇ ਦੇ ਬਰਾਬਰ ਕੇਸਰੀ ਝੰਡਾ ਝੁਲਾਇਆ ਸੀ ਭਾਈ ਬਘੇਲ ਸਿੰਘ ਨੇ। ਉਸ ਨੇ ਤਾਂ ਬਾਦਸ਼ਾਹ ਦੇ ਚੁੰਗੀ ਮਹਿਸੂਲ ਦਾ ਰੁਪਏ ਵਿਚੋਂ ਛੇ ਆਨਾ ਮਹਿਸੂਲ ਵੀ ਉਗਰਾਹਿਆ ਸੀ ਅਤੇ ਖਾਲਸੇ ਦੀ ਸ਼ਾਨਾਮੱਤੀ ਜਿੱਤ ਦੇ ਡੰਕੇ ਵਜਾਉਂਦਿਆਂ ਦਿੱਲੀ ਵਿੱਚ ਮੌਜੂਦ ਅਜੋਕੇ ਸਾਰੇ ਗੁਰਦੁਆਰਿਆਂ ਦੀ ਉਸਾਰੀ ਕਰਵਾਈ ਸੀ।

'ਤੁਸੀਂ ਸ਼ਾਂਤਮਈ ਚਲਦੇ ਜਨ-ਅੰਦੋਲਨ ਦੇ ਇੱਕ ਹਿੱਸੇ ਨੂੰ ਹਾਈਜੈਕ ਕਰ ਆਪਣੇ ਮਿਸ਼ਨ ਦੀ ਪੂਰਤੀ ਕਿਸ ਸਾਜਿਸ਼ ਅਧੀਨ ਕੀਤੀ? ਕਿਉਂ ਕੀਤੀ? ਜਿੱਤ ਦੀ ਪੌੜੀ ਚੜ੍ਹਨ ਲਈ ਬੇਗਾਨੇ ਪੌੜਾਂ ਦੀ ਵਰਤੋਂ ਕਾਸ ਲਈ ਕੀਤੀ? ਲੋਕਾਂ ਦੇ ਕੁੱਟ-ਖਾਧੇ, ਜ਼ਖ਼ਮੀ ਤੇ ਵਲੂੰਧਰੇ ਹਿਰਦਿਆਂ ਨੂੰ ਦੱਸਣਾ ਪਊ। ਹੁਣ ਕਿਸੇ ਖੁੰਦਰ ਵਿੱਚ ਵੜ੍ਹ ਵੀਡੀਓ ਜਾਰੀ ਕੀਤਿਆਂ ਨਹੀਂ ਸਰਨਾ। ਬਾਹਰ ਆ ਕੇ ਭਗਤ ਸਿੰਘ ਤੇ ਸਰਾਭਾ ਬਣ ਮਿਸ਼ਨ ਕਬੂਲਣ ਦੀ ਹਿੰਮਤ ਹੈ ਤਾਂ ਕਬੂਲ ਲਓ ਨਹੀਂ ਤਾਂ ਕ੍ਰਿਪਾਲ ਸਿੰਘ ਵਾਂਗ ਮਰ ਮਰ ਕੇ ਜਿਊਣਾ ਪਊ। ਇਹ ਉਹੋ ਗ਼ਦਾਰ ਹੈ ਜੋ ਅੰਗਰੇਜ਼ਾਂ ਦੀ ਭਾਰਤੀ ਫ਼ੌਜ਼ ਵਿੱਚ ਸਿਪਾਹੀ ਸੀ। ਸੌ ਤੋਂ ਸੱਤ ਸਾਲ ਉਪਰ ਹੋ ਗਏ ਨੇ ਜਦੋਂ ਪਹਿਲੀ ਸੰਸਾਰ ਜੰਗ ਸਮੇਂ 1914 ਵਿੱਚ ਅਮਰੀਕਾ ਤੇ ਕਨੇਡਾ ਤੋਂ ਦੇਸ਼ ਵੱਲ ਨੂੰ ਅਜ਼ਾਦੀ ਦੀ ਗਦਰ ਲਹਿਰ ਪ੍ਰਚੰਡ ਕਰਨ ਆ ਰਹੇ ਗਦਰੀ ਬਾਬਿਆਂ ਨਾਲ ਉਸ ਕ੍ਰਿਪਾਲ ਸਿੰਘ ਨੇ ਗ਼ਦਾਰੀ ਕੀਤੀ ਸੀ। ਉਹਨਾਂ ਦੀ ਪਿੱਠ ਵਿੱਚ ਛੁਰਾ ਖੋਭਿਆ ਸੀ। ਉਹਨਾਂ ਦੇ ਪੰਜਾਬ ਆ ਅਜ਼ਾਦੀ ਲਈ ਕੀਤੇ ਜਾਣ ਵਾਲੇ ਗ਼ਦਰ ਦੀ ਸੂਹ ਪੰਜਾਬ ਦੀ ਸੀ.ਆਈ.ਡੀ. ਨੂੰ ਦੇ ਗ਼ਦਰ ਲਹਿਰ ਨੂੰ ਅਸਫ਼ਲ ਕਰਨ ਦਾ ਸਿਹਰਾ ਆਪਣੇ ਸਿਰ ਬੰਨ੍ਹਿਆ ਸੀ। ਸ਼ਾਇਦ ਤੁਸੀਂ ਲੋਕ ਕ੍ਰਿਪਾਲ ਸਿੰਘ ਨੂੰ ਨਾ ਜਾਣਦੇ ਹੋਵੋ ਜਾਂ ਭੁੱਲ ਗਏ ਹੋਵੋ ਪਰ ਇਤਿਹਾਸ ਕਦੇ ਨਹੀਂ ਜੇ ਭੁੱਲਿਆ। ਦੰਦਕਥਾ ਹੈ ਬਰਕਲੇ ਸ਼ਹਿਰ ਵਿੱਚ ਅਜੇ ਵੀ ਇੱਕ ਰੁੱਖ ਦੁਆਲੇ ਚੱਕਰ ਕਟਦੀ ਉਹਦੀ ਆਤਮਾ ਕੁਰਲਾ ਕੁਰਲਾ ਕੇ ਆਪਣਾ ਗੁਨਾਹ ਕਬੂਲਦੀ ਹੈ। ਆਓ ਆਪਣੇ ਮੰਦ-ਇਰਾਦਿਆਂ ਵਾਲਾ ਮਿਸ਼ਨ ਕਬੂਲ ਕਰ ਲਓ ਨਹੀਂ ਤਾਂ ਇਤਿਹਾਸ ਨੇ ਕਦੇ ਭਗੌੜਿਆਂ ਨੂੰ ਮੁਆਫ਼ ਨਹੀਂ ਜੇ ਕੀਤਾ।

ਤੇ ਹੁਣ ਗੱਲ ਕਰਨੀ ਬਣਦੀ ਹੈ ਕਿਸਾਨੀ ਦਾ ਹਰਾ ਸਾਫ਼ਾ ਬੰਨ੍ਹਣ ਵਾਲੀ 'ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ' ਦੀ। ਜੋ ਕਈ ਦਿਨ ਪਹਿਲਾਂ ਹੀ ਇਸ ਰੂਟ 'ਤੇ ਆਉਣ ਲਈ ਬਜ਼ਿੱਦ ਸੀ। ਕਿਉਂ? ਕਾਹਦੇ ਲਈ ਐਨੀ ਜ਼ਿੱਦ? ਕਹਿੰਦੇ ਨੇ ਕੋਈ ਸਪੱਸ਼ਟ ਕਾਰਨ ਨਹੀਂ ਦੱਸਿਆ ਜਾਂਦਾ ਸੀ। 'ਚਲੋ ਵੇਖਾਂਗੇ' ਕਹਿ ਮੁੱਖ ਮੀਟਿੰਗਾ ਵਿਚੋਂ ਬਾਹਰ ਆਉਣ ਵਾਲੇ ਇਸ ਕਮੇਟੀ ਦੇ ਆਗੂ ਐਨ ਮੌਕੇ ਤੇ ਭੀੜ ਦੇ ਇੱਕ ਹਿੱਸੇ ਨੂੰ ਆਪਣੇ ਮਨ-ਇੱਛਤ ਮਾਰਗ ਵੱਲ ਲੈ ਤੁਰੇ। ਤੁਹਾਡਾ ਕੀ ਮਕਸਦ ਸੀ? ਕੀ ਪੂਰਾ ਹੋ ਗਿਆ? ਕੀ ਲਾਭ ਹੋਇਆ ਤੁਹਾਡੇ ਕਿਸਾਨ-ਅੰਦੋਲਨ ਨੰ ਤੁਹਾਡੀ ਇਸ ਕਾਰਵਾਈ ਦਾ? ਜੁਆਬ ਤੁਹਾਡੇ ਕੋਲੋਂ ਵੀ ਅੱਜ ਪੂਰੇ ਦੇਸ਼ ਦਾ ਜਨ-ਸਮੂਹ ਮੰਗ ਰਿਹਾ ਹੈ ਅਤੇ ਕੱਲ੍ਹ ਨੂੰ ਇਤਿਹਾਸ ਮੰਗੇਗਾ। ਲਗਦਾ ਸਿੰਘਾਂ ਦਾ ਬੇਦਾਵਾ ਦੇਣ ਵਾਲਾ ਵਾਲਾ ਇਤਿਹਾਸ ਤੁਸੀਂ ਵੀ ਭੁੱਲ ਗਏ ਜੇ ਜਾਂ ਖਵਰੇ ਤੁਹਾਨੂੰ ਪਤਾ ਹੀ ਨਹੀਂ। ਸਿੰਘਾਂ ਵਲੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਦੇ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਆਉਣ ਦੀ ਗਾਥਾ! 'ਤੂੰ ਸਾਡਾ ਗੁਰੂ ਨਹੀਂ ਅਸੀਂ ਤੇਰੇ ਸਿੱਖ ਨਹੀਂ' ਕੇਵਲ ਇੱਕ ਕਾਗਜ਼ 'ਤੇ ਲਿਖੇ ਅੱਖਰ ਨਹੀਂ ਇਹ ਉਸ ਇਲਾਕੇ ਦੇ ਲੋਕਾਂ ਦੇ ਮੱਥਿਆਂ ਤੇ ਲਿਖੇ ਸ਼ਰਮਸਾਰੀ ਦੇ ਅੱਖਰ ਸਨ। ਇਹ ਤਾਂ ਅੰਮ੍ਰਿਤਸਰ ਜ਼ਿਲੇ ਦੇ ਝਬਾਲ ਪਿੰਡ ਦੀ ਜੰਮਪਲ਼ ਅਣਖੀ ਤੇ ਬਹਾਦਰ ਮਾਈ ਭਾਗੋ ਦੀਆਂ ਲਾਹਨਤਾਂ ਕਾਰਨ ਉਹਨਾਂ ਸਿੰਘਾਂ ਦੀ ਵਾਪਸੀ ਹੋਈ। ਉਸ ਆਪਣੇ ਹੱਥਾਂ ਦੀਆਂ ਚੂੜੀਆਂ ਉਹਨਾਂ ਵੱਲ ਸੁੱਟ ਆਪ ਸਿਰ ਤੇ ਮੁੰਡਾਸਾ ਕਰ ਤਲਵਾਰ ਸੂਤ ਲਈ ਸੀ। ਉਹ ਸਿੰਘ ਤਾਂ ਮੁਕਤਸਰ ਦੇ ਸਥਾਨ ਤੇ ਸ਼ਹੀਦੀਆਂ ਪਾ ਆਪਣੇ ਗੁਰੂ ਦੀ ਗੋਦ ਵਿੱਚ ਸਿਰ ਰੱਖ ਬੇਦਾਵਾ ਪੜਵਾ ਕੇ ਮੁਕਤ ਹੋ ਗਏ। ਪ੍ਰੰਤੂ ਅੱਜ ਤੱਕ ਉਹ ਘਟਨਾ ਨਾ ਵਿਸਰੀ ਹੈ ਤੇ ਨਾ ਰਹਿੰਦੇ ਯੁੱਗ ਤਕ ਵਿਸਾਰੀ ਜਾਣੀ ਹੈ। ਹੁਣ ਦੱਸੋ ਭਈ ਕਿਸਾਨ ਆਗੂਓ! ਤੁਸੀਂ ਇਸ ਭਰਾਮਾਰੀ ਦੇ ਕਲੰਕ ਤੋਂ ਕਿੰਵੇਂ ਮੁਕਤ ਹੋਣਾ? ਹੁਣ ਹੱਥ ਜੋੜਿਆਂ ਕੁੱਝ ਨਹੀਂ ਜੇ ਬਣਨਾ। ਲਿਲਕੜੀਆਂ ਕੱਢਿਆਂ ਵੀ ਨਹੀਂ ਜੇ ਸਰਨਾ। ਤੁਹਾਡੀਆਂ ਲੋਕਾਂ ਨੂੰ ਲਾਲ ਕਿਲ੍ਹੇ ਵਲ ਭੇਜਣ ਦੀਆਂ ਵੀਡੀਓ ਲੋਕਾਂ ਨੇ ਅੱਖੀਂ ਵੇਖੀਆਂ ਤੇ ਕੰਨੀਂ ਸੁਣੀਆਂ ਨੇ। ਕੂਹਣੀ ਮੋੜ ਤੁਸੀਂ ਕੱਟਿਆ। ਐਨ ਆਖਰੀ ਮੌਕੇ ਤੇ ਭਰਾਵਾਂ ਦਾ ਸਾਥ ਛੱਡ ਰਾਹ ਬਦਲ ਲਿਆ। 'ਕਾਰਨ ਤੇ ਪ੍ਰਭਾਵ ਤਾਂ' ਦੱਸਣੇ ਹੀ ਪੈਣੇ। ਯਾਦ ਰੱਖਿਓ! ਲ਼ੋਕ ਇਤਿਹਾਸ ਕਦੇ ਬਖ਼ਸ਼ਦਾ ਨਹੀਂ ਜੇ, ਚਾਹੇ ਲਿਖਿਤ ਹੋਵੇ ਜਾਂ ਮੌਖਿਕ!

ਲੋਕਾਂ ਦੇ ਹੱਕਾਂ ਹਿਤਾਂ ਦੇ ਸੰਘਰਸ਼ ਨਾਲ ਜੋ ਖਿਲਵਾੜ ਹੋਣਾ ਸੀ ਉਹ ਤਾਂ ਹੋ ਗਿਆ। ਆਪਣੇ ਸਵਾਰਥੀ ਹਿੱਤਾਂ ਖਾਤਰ ਜਾਂ ਖ਼ਵਰੇ ਮੋਟੀ ਰਕਮ ਦੇ ਲਾਲਚ ਵੱਸ ਜੋ ਤੁਸਾਂ ਕਰਨਾ ਸੀ ਕਰ ਲਿਆ। ਇਹ ਲੋਕ-ਸੰਘਰਸ਼ ਕੁਝ ਦੇਰ ਲਈ ਸ਼ਾਇਦ ਲੜਖੜਾ ਜਾਵੇ ਜਾਂ ਮੱਠਾ ਪੈ ਜਾਵੇ। ਸਰਕਾਰ ਦਾ ਫੈ਼ਲਾ ਪਿਆ ਹੱਥ ਲੋਕ-ਘੋਲ ਦੀ ਸੰਘੀ ਨੱਪਣ ਵੱਲ ਵਧਦਾ ਨਜ਼ਰ ਆਵੇ। ਪਰ ਲੋਕ ਤਾਂ ਘਾਹ ਹੁੰਦੇ ਨੇ ਤੇ ਉਹ ਵੀ ਤਿੜਾਂ ਵਾਲਾ, ਜੋ ਮਰ ਮਰ ਕੇ ਮੁੜ ਉੱਗਦਾ ਹੈ, ਹਰਾ ਹੁੰਦਾ ਹੈ ਤੇ ਮੌਲ਼ਦਾ ਹੈ। ਇਸ ਅੰਦੋਲਨ ਨੂੰ ਮੁੜ ਤਾਬ ਫੜਦਿਆਂ ਬਹੁਤੀ ਦੇਰ ਨਹੀਂ ਲਗਣੀ। ਬਸ ਕੁਝ ਕੁ ਦਿਨਾਂ ਦੀ ਗੱਲ ਹੈ। ਲੋਕ-ਨਾਹਰੇ ਉਸੇ ਤਰ੍ਹਾਂ ਬੁਲੰਦ ਹੋਣਗੇ। ਦਿੱਲੀ ਦਾ ਤਖ਼ਤ ਫਿਰ ਅੱਖਾਂ ਪਾੜ ਪਾੜ ਇਸ ਲੋਕ-ਸ਼ਕਤੀ ਨੂੰ ਵੇਖੇਗਾ। ਪ੍ਰੰਤੂ ਤੁਹਾਨੂੰ ਭੱਜਦਿਆਂ ਰਾਹ ਨਹੀਂ ਜੇ ਲੱਭਣਾ। ਰੁਕੋ ਸੋਚੋ ਵਿਚਾਰੋ ਘੋਖੋ ਅਤੇ ਸਮੇਂ ਦੇ ਸੱਚ ਦਾ ਸਾਹਮਣਾ ਕਰ ਲੋਕ-ਤਾਂਤਰਿਕ ਰਾਹਾਂ ਤੇ ਚਲਦੇ ਆਪਣੀ ਹੋਂਦ ਅਤੇ ਹੱਕਾਂ ਲਈ ਲੜਦੇ ਲੋਕਾਂ ਸਾਹਮਣੇ ਸੱਚ ਤੇ ਤੱਥ ਬਿਆਨਣ ਦਾ ਹੌਸਲਾ ਕਰੋ ਤਾਂ ਜੋ ਦੋਸ਼-ਮੁਕਤ ਹੋ ਮੁੜ ਜਨ-ਸਮੂਹ ਨਾਲ ਰਲ਼ ਸਕੋ। ਨਹੀਂ ਤਾਂ ਇਤਿਹਾਸ ਨੇ ਤਾਂ ਮੁਲਾਂਕਣ ਕਰਨਾ ਹੀ ਹੈ। ਯਾਦ ਰਖੋ ਇਤਿਹਾਸ ਦੇ ਪੰਨਿਆਂ ਤੇ ਲਿਖਿਆ ਕਦੇ ਮਿਟਿਆ ਨਹੀਂ । ਇਹ ਹਕੀਕਤ ਜੱਗ-ਜ਼ਾਹਿਰ ਹੈ।

# ਮੋਦੀ ਜੀ ਹੁਣ ਕਿਸਾਨਾਂ ਦੀ ਸੁਣੋ ਕਿਸਾਨਾਂ ਨੂੰ ਸੁਣਾਓ ਨਾ



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ

ਸੰਯੁਕਤ ਕਿਸਾਨ ਮੋਰਚੇ ਦੇ ਕੌਮੀ ਆਗੂ ਰਾਕੇਸ਼ ਟਿਕੈਤ ਨੇ ਆਖਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਕਿਸਾਨਾਂ ਨੂੰ ਧਰਨਾ ਖ਼ਤਮ ਕਰਨ ਦੀਆਂ ਸਲਾਹਾਂ ਕਿਸਾਨ ਜਥੇਬੰਦੀਆਂ ਨੂੰ ਕਿਸੇ ਕੀਮਤ 'ਤੇ ਵੀ ਪ੍ਰਵਾਨ ਨਹੀਂ ਹਨ । ਕਿਸਾਨ ਆਗੂ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਏ ਬਿਨਾਂ ਧਰਨਾ ਖ਼ਤਮ ਨਹੀਂ ਕਰਨਗੇ ।ਹੁਣ ਸੰਯੁਕਤ ਕਿਸਾਨ ਮੋਰਚਾ ਚੜ੍ਹਦੀਕਲਾ ਵੱਲ ਵੱਧ ਰਿਹਾ ਹੈ । ਜੋਸ਼ ਪਹਿਲਾ ਨਾਲੋਂ ਕਈਂ ਗੁਣਾ ਜ਼ਿਆਦਾ ਵੇਖਣ ਨੂੰ ਮਿਲ ਰਿਹਾ ਹੈ .ਖੇਪ ਪੰਚਾਇਤਾਂ ਨੇ ਕਿਸਾਨੀ ਸੰਘਰਸ ਵਿੱਚ ਨਵੀ ਰੂਹ ਪਾ ਦਿਤੀ ਹੈ . ।ਭਾਰਤੀ ਕਿਸਾਨ ਯੂਨੀਅਨ ਦੇ ਮੈਂਬਰ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਪਿਛਲੇ ਢਾਈ ਮਹੀਨਿਆਂ ਤੋਂ ਦਿੱਲੀ ਦੀਆਂ ਬਰੂਹਾਂ 'ਤੇ ਡੇਰੇ ਲਾਈ ਬੈਠੇ ਹਨ। ਇਸ ਦੌਰਾਨ ਹਰਿਆਣਾ ਤੋਂ ਵੱਡੀ ਗਿਣਤੀ ਕਿਸਾਨ ਦਿੱਲੀ ਦੀਆਂ ਵੱਖ-ਵੱਖ ਸਰਹੱਦਾਂ 'ਤੇ ਚੱਲ ਰਹੇ ਧਰਨਿਆਂ ਵਿਚ ਪੁੱਜ ਗਏ ਹਨ। ਬੀ.ਕੇ.ਯੂ. ਦੇ ਮੁੱਖ ਬੁਲਾਰੇ ਰਾਕੇਸ਼ ਟਿਕੈਤ ਵੱਲੋਂ ਕੀਤੀ ਭਾਵੁਕ ਅਪੀਲ ਮਗਰੋਂ ਪੱਛਮੀ ਯੂਪੀ ਦੇ ਜ਼ਿਲ੍ਹਿਆਂ- ਮੇਰਠ, ਬਾਗਪਤ, ਬਿਜਨੌਰ, ਮੁਜੱਫਰਨਗਰ, ਮੁਰਾਦਾਬਾਦ ਤੇ ਬੁਲੰਦਸ਼ਹਿਰ ਤੋਂ ਵੱਡੀ ਗਿਣਤੀ ਕਿਸਾਨ ਯੂਪੀ ਗੇਟ-ਗਾਜੀਪੁਰ ਬਾਰਡਰ 'ਤੇ ਪੁੱਜ ਰਹੇ ਹਨ। ਯੂਪੀ ਤੇ ਹਰਿਆਣਾ ਤੋਂ ਵੱਡੀ ਕਿਸਾਨਾਂ ਦੀ ਆਮਦ ਨਾਲ ਕਿਸਾਨ ਅੰਦੋਲਨ 'ਚ ਮੁੜ ਰੂਹ ਫੂਕੀ ਗਈ ਹੈ।। ਉਂਜ ਧਰਨੇ ਦੌਰਾਨ ਆਪਣੇ ਹਮਾਇਤੀਆਂ 'ਚ ਘਿਰੇ ਰਾਕੇਸ਼ ਟਿਕੈਤ ਇਕ ਵਾਰ ਮੁੜ ਕੇਂਦਰ ਬਿੰਦੂ ਵਿੱਚ ਰਹੇ। ਉਧਰ, ਹਰਿਆਣਾ ਦੇ ਵੱਖ-ਵੱਖ ਹਿੱਸਿਆਂ ਤੋਂ ਕਈ ਕਿਸਾਨ ਮੁੜ ਦਿੱਲੀ ਦੀਆਂ ਸਰਹੱਦਾਂ 'ਤੇ ਚੱਲ ਰਹੇ ਧਰਨਿਆਂ ਵਿਚ ਪਰਤ ਆਏ। ਕਿਸਾਨਾਂ ਨੇ ਸੰਯੁਕਤ ਮੋਰਚੇ 'ਚ ਸ਼ਾਮਲ ਆਗੂਆਂ ਨੂੰ ਭੇਜੇ ਲੁਕਆਊਟ ਨੋਟਿਸਾਂ ਤੇ ਗਾਜੀਆਬਾਦ ਪ੍ਰਸ਼ਾਸਨ ਵੱਲੋਂ ਧਰਨਾ ਚੁੱਕਣ ਲਈ ਦਿੱਤੇ ਅਲਟੀਮੇਟਮ ਖਿਲਾਫ ਪ੍ਰਦਰਸ਼ਨ ਕੀਤਾ। ਕਿਸਾਨਾਂ ਨੇ ਦਾਅਵਾ ਕੀਤਾ ਕਿ ਲੁੱਕਆਊਟ ਨੋਟਿਸਾਂ ਤੇ ਧਰਨਾ ਚੁੱਕਣ ਦੀਆਂ ਧਮਕੀਆਂ ਨਾਲ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਵਿੱਢਿਆ ਸੰਘਰਸ਼ ਕਮਜ਼ੋਰ ਪੈਣ ਵਾਲਾ ਨਹੀਂ। ਹਰਿਆਣਾ ਨਾਲ ਸਬੰਧਤ ਕਿਸਾਨ ਆਗੂਆਂ ਨੇ ਦਾਅਵਾ ਕੀਤਾ ਕਿ ਜੀਂਦ, ਰੋਹਤਕ, ਕੈਥਲ, ਹਿਸਾਰ, ਭਿਵਾਨੀ ਤੇ ਸੋਨੀਪਤ ਤੋਂ ਵੱਡੀ ਗਿਣਤੀ ਕਿਸਾਨਾਂ ਨੇ ਦਿੱਲੀ ਵੱਲ ਚਾਲੇ ਪਾ ਲਏ ਹਨ। ਇਸ ਦੌਰਾਨ ਰਾਸ਼ਟਰੀ ਲੋਕ ਦਲ (ਆਰ.ਐਲ.ਡੀ.) ਦੇ ਮੁਖੀ ਅਜੀਤ ਸਿੰਘ ਦੇ ਪੁੱਤਰ ਤੇ ਪਾਰਟੀ ਦੇ ਉਪ ਪ੍ਰਧਾਨ ਜੈਯੰਤ ਚੌਧਰੀ ਨੇ ਧਰਨੇ ਵਾਲੀ ਥਾਂ ਪਹੁੰਚ ਕੇ ਰਾਕੇਸ਼ ਟਿਕੈਤ ਤੇ ਬੀ.ਕੇ.ਯੂ. ਪ੍ਰਧਾਨ ਨਰੇਸ਼ ਟਿਕੈਤ ਨਾਲ ਮੁਲਾਕਾਤ ਕੀਤੀ। ਚੌਧਰੀ ਨੇ ਇਕ ਟਵੀਟ 'ਚ ਕਿਹਾ, 'ਇਹ ਕਿਸਾਨਾਂ ਲਈ ਜਿੰਦਗੀ ਤੇ ਮੌਤ ਦਾ ਸਵਾਲ ਹੈ, ਪਰ ਚਿੰਤਾ ਦੀ ਕੋਈ ਲੋੜ ਨਹੀਂ। ਅਸੀਂ ਸਾਰਿਆਂ ਨੇ ਇਕਜੁੱਟ ਹੋ ਕੇ ਰਹਿਣਾ ਹੈ....ਇਹ ਚੌਧਰੀ ਸਾਹਿਬ (ਅਜੀਤ ਸਿੰਘ) ਦਾ ਸੁਨੇਹਾ ਹੈ।' ਉਤਰ ਪ੍ਰਦੇਸ਼ ਦੇ ਪੂਰਬੀ ਜਿਲ੍ਹਿਆਂ ਵਿਚ ਸਰਗਰਮ ਸਮਾਜਿਕ ਸੰਗਠਨ 'ਯੁਵਾ ਚੇਤਨਾ ਮੰਚ' ਨੇ ਵੀ ਬੀ.ਕੇ.ਯੂ. ਨੂੰ ਹਮਾਇਤ ਦਿੱਤੀ ਹੈ। ਸੰਗਠਨ ਦੇ ਕਾਰਕੁਨਾਂ ਨੇ ਬਲੀਆ ਵਿਚ ਧਰਨਾ ਦਿੱਤਾ ਤੇ ਬੀ.ਕੇ.ਯੂ. ਆਗੂ ਰਾਕੇਸ਼ ਟਿਕੈਤ ਨੂੰ ਸਮਰਥਨ ਦਿੱਤਾ। ਗਾਜ਼ੀਪੁਰ ਬਾਰਡਰ 'ਤੇ ਭੀਮ ਆਰਮੀ ਦੇ ਮੁਖੀ ਚੰਦਰਸ਼ੇਖਰ ਆਜ਼ਾਦ ਨੇ ਵੀ ਰਾਕੇਸ਼ ਟਿਕੈਤ ਨਾਲ ਮੁਲਾਕਾਤ ਕੀਤੀ ਤੇ ਕਿਹਾ ਕਿ ਦਲਿਤ ਸੰਗਠਨ ਕਿਸਾਨ ਸੰਘਰਸ਼ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਮਦਦ ਕਰੇਗਾ।ਉਧਰ, ਰਾਕੇਸ਼ ਟਿਕੈਤ ਨੇ ਕਿਹਾ ਕਿ ਕਿਸਾਨ ਪ੍ਰਧਾਨ ਮੰਤਰੀ ਦਾ ਸਤਿਕਾਰ ਕਰਦਿਆਂ ਮਸਲੇ ਦਾ ਹੱਲ ਚਾਹੁੰਦੇ ਹਨ, ਪਰ ਬੰਦੂਕ ਦੀ ਨੋਕ 'ਤੇ (ਸਰਕਾਰ ਨਾਲ) ਗੱਲਬਾਤ ਨਹੀਂ ਕਰਨਗੇ। ਉਨ੍ਹਾਂ ਕਿਹਾ ਹੈ ਕਿ ਸਰਕਾਰ ਹੁਣ ਵੀ ਮੌਕਾ ਸਾਂਭ ਲਵੇ, ਅਜੇ ਮੰਗ ਕਾਨੂੰਨ ਰੱਦ ਕਰਨ ਦੀ ਹੈ ਪਰ ਅਗਲਾ ਕਦਮ ਸਰਕਾਰ ਨੂੰ ਲਾਂਭੇ ਕਰਨ ਬਾਰੇ ਪੁੱਟਿਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਸਾਰਾ ਦੇਸ਼ ਤਿਰੰਗੇ ਨਾਲ ਪਿਆਰ ਕਰਦਾ ਹੈ ਤੇ ਦਿੱਲੀ ਹਿੰਸਾ ਮੌਕੇ ਤਿਰੰਗੇ ਦਾ 'ਨਿਰਾ-ਦਰ' ਕਰਨ ਵਾਲਿਆਂ ਨੂੰ ਕਾਬੂ ਕੀਤਾ ਜਾਵੇ। ਇਸ ਦੌਰਾਨ ਬੀ.ਕੇ.ਯੂ. (ਟਿਕੈਤ) ਦੇ ਪ੍ਰਧਾਨ ਨਰੇਸ਼ ਟਿਕੈਤ ਨੇ ਕਿਹਾ ਕਿ ਖੇਤੀ ਕਾਨੂੰਨਾਂ ਖਿਲਾਫ ਡਟੇ ਪ੍ਰਦਰਸ਼ਨਕਾਰੀ ਕਿਸਾਨ ਜਿਥੇ ਪ੍ਰਧਾਨ ਮੰਤਰੀ (ਦੇ ਅਹੁਦੇ) ਦੇ ਗੌਰਵ ਦਾ ਸਤਿਕਾਰ ਕਰਨਗੇ, ਉਥੇ ਆਪਣੇ ਸਵੈ-ਮਾਣ ਦੀ ਸੁਰੱਖਿਆ ਲਈ ਵੀ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਸਰਕਾਰ ਗ੍ਰਿਫਤਾਰ ਕੀਤੇ ਕਿਸਾਨਾਂ ਨੂੰ ਰਿਹਾਅ ਕਰਕੇ ਗੱਲਬਾਤ ਲਈ ਸਾਜ਼ਗਾਰ ਮਾਹੌਲ ਤਿਆਰ ਕਰੇ। ਉਨ੍ਹਾਂ ਸਾਫ ਕਰ ਦਿੱਤਾ ਕਿ ਉਹ ਦਬਾਅ ਹੇਠ ਜਾਂ ਸ਼ਰਤਾਂ ਤਹਿਤ ਕੀਤੇ ਜਾਣ ਵਾਲੇ ਕਿਸੇ ਵੀ ਸਮਝੌਤੇ ਲਈ ਸਹਿਮਤੀ ਨਹੀਂ ਭਰਨਗੇ। ਖੇਤੀ ਕਾਨੂੰਨ ਦਾ ਵਿਰੋਧ ਕਰਨ ਵਾਲੇ ਪ੍ਰਦਰਸ਼ਨਕਾਰੀ, ਸਾਰਿਆਂ ਨੂੰ ਦੇਸ਼ ਵਿਰੋਧੀ ਦੱਸਿਆ ਜਾ ਰਿਹੈ। ਇਨ੍ਹਾਂ ਸ਼ਾਂਤਮਈ ਅੰਦੋਲਨਾਂ ਦਾ ਭੋਗ ਪਾਉਣ ਲਈ ਯੂ.ਏ.ਪੀ.ਏ. ਵਰਗੇ ਕਾਨੂੰਨ ਅਮਲ ਵਿਚ ਲਿਆਂਦੇ ਜਾ ਰਹੇ ਹਨ।' ਸਰਕਾਰ ਨੂੰ ਇਹ ਤਿੰਨੋਂ ਵਿਵਾਦਿਤ ਖੇਤੀ ਕਾਨੂੰਨ ਵਾਪਸ ਲੈ ਲੈਣੇ ਚਾਹੀਦੇ ਹਨ।ਕਿਸਾਨ ਖੇਤਾਂ ਵਿੱਚ ਕੰਮ ਕਰਦੇ ਚੰਗੇ ਲਗਦੇ ਨੇ ਸੜਕਾਂ ਤੇ ਰੁਲਦੇ ਨਹੀਂ .

# ਪ੍ਰਸ਼ਾਸਨ ਤੇ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਸਵਾਲੀਆ ਚਿੰਨ੍ਹ ਨੋਦੀਪ ਕੌਰ ਦੀ ਰਿਹਾਈ !

ਕਿਸਾਨੀ ਅੰਦੋਲਨ ਨੂੰ ਚੱਲਦਿਆਂ ਦੋ ਮਹੀਨਿਆਂ ਤੋਂ ਉੱਪਰ ਸਮਾਂ ਹੋ ਚੱਲਿਆ ਹੈ। ਇਹਨਾਂ ਦੋ ਮਹੀਨਿਆਂ ਵਿੱਚ ਬਹੁਤ ਕੁਝ ਦੇਖਣ ਨੂੰ ਮਿਲਿਆ। ਕਈਆਂ ਦੇ ਦੋਗਲੇ ਚਿਹਰੇ ਬੇਨਕਾਬ ਹੋਏ ਅਤੇ ਕਈਆਂ ਦੇ ਆਪਣੀ ਕੌਮ ਪ੍ਰਤੀ ਅੰਦੋਲਨ ਵਿੱਚ ਨਿਭਾਈ ਜ਼ਿੰਮੇਵਾਰੀ ਨੇ ਲੋਕਾਂ ਦੇ ਦਿਲਾਂ ਉੱਤੇ ਰਾਜ ਕੀਤਾ। ਕਈਆਂ ਨੇ ਸਿਰ ਵਿੱਚ ਡਾਂਗਾ ਖਾਦੀਆਂ ਅਤੇ ਕਈਆਂ ਨੇ ਅੱਥਰੂ ਗੈਸ ਦੇ ਗੋਲਿਆਂ ਨਾਲ ਆਪਣੇ ਆਪ ਨੂੰ ਜਖਮੀ ਕਰਵਾਇਆ। ਕਈਆਂ ਨੂੰ ਜਬਰਦਸਤੀ ਚੁੱਕ ਕੇ ਜੇਲ੍ਹ ਵਿੱਚ ਤਾੜਿਆ ਗਿਆ। ਜੇਲ੍ਹ ਵਿੱਚ ਕੈਦ ਕਰਨ ਦੀ ਗੱਲ ਕਰੀਏ ਤਾਂ ਬਹੁਤ ਸਾਰੇ ਬੇਕਸੂਰ ਕਿਸਾਨਾਂ ਅਤੇ ਅੰਦੋਲਨਕਾਰੀਆਂ ਨੂੰ ਬਿਨਾ ਕਿਸੇ ਕੀਰਨੇ ਅਤੇ ਜੁਲਮ ਦੇ ਜੇਲ੍ਹ ਵਿੱਚ ਸੁੱਟਿਆ ਗਿਆ ਹੈ। ਇਹਨਾਂ ਵਿਚੋਂ ਹੀ ਇੱਕ ਨਾਮ ਸਾਹਮਣੇ ਆ ਰਿਹਾ ਹੈ ਨੌਦੀਪ ਕੌਰ ।ਇਸ 23 ਸਾਲਾਂ ਨੌਜਵਾਨ ਲੜਕੀ ਨੂੰ ਲਗਭਗ 12 ਜਨਵਰੀ ਨੂੰ ਹਰਿਆਣਾ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ। ਨੌਦੀਪ ਕੌਰ ਦੀ ਜਨਮ ਜਿਲ੍ਹਾ ਮੁਕਤਸਰ ਵਿੱਚ ਹੋਇਆ। ਇਹ ਲੜਕੀ ਇੱਕ ਸਧਾਰਨ ਪਰਿਵਾਰ ਨਾਲ ਸੰਬੰਧ ਰੱਖਦੀ ਹੈ। ਦਿੱਲੀ ਵਿੱਚ ਪੜਾਈ ਕਰਨ ਦੇ ਨਾਲ ਨਾਲ ਪਾਰਟ ਟਾਈਮ ਜੌਬ ਕਰਦੀ ਨੋਦੀਪ ਨੇ ਮਹਿਸੂਸ ਕੀਤਾ ਕਿ ਮਜਦੂਰਾਂ ਨੂੰ ਉਹਨਾਂ ਦੇ ਹੱਕ ਨਹੀਂ ਮਿਲ ਰਹੇ। ਸੋ ਪਿਛਲੇ ਕੁਝ ਸਮੇਂ ਤੋਂ ਉਹ ਸਥਾਨਕ ਮਜਦੂਰਾਂ ਨਾਲ ਮਿਲ ਕੇ ਉਹਨਾਂ ਦੇ ਹੱਕਾਂ ਲਈ ਅਵਾਜ਼ ਉਠਾ ਰਹੀ ਹੈ ਅਤੇ ਪ੍ਰਦਰਸ਼ਨ ਕਰਦੀ ਆ ਰਹੀ ਹੈ। ਇਸੇ ਦੌਰਾਨ 12 ਜਨਵਰੀ ਨੂੰ ਨੋਦੀਪ ਕੌਰ ਨੂੰ ਕੁੰਡਲੀ ਬਾਰਡਰ ਤੋਂ ਗ੍ਰਿਫਤਾਰ ਕਰ ਲਿਆ ਗਿਆ ਅਤੇ ਕਰਨਾਲ ਜੇਲ੍ਹ ਵਿੱਚ ਭੇਜ ਦਿੱਤਾ ਗਿਆ । ਨੋਦੀਪ ਕੌਰ ਦੀ ਭੈਣ ਅਤੇ ਮਾਂ ਨੇ ਦੱਸਿਆ ਕਿ ਨੋਦੀਪ ਕੌਰ ਨਾਲ ਜੇਲ੍ਹ ਵਿੱਚ ਬਹੁਤ ਬੁਰਾ ਸਲੂਕ ਕੀਤਾ ਜਾ ਰਿਹਾ ਹੈ, ਉਸਦੀ ਮਾਂ ਦੁਆਰਾ ਇਹ ਵੀ ਦੱਸਿਆ ਗਿਆ ਕਿ ਨੋਦੀਪ ਦੇ ਪੈਰਾਂ ਵਿੱਚੋਂ ਖੂਨ ਨਿਕਲ ਰਿਹਾ ਸੀ ਅਤੇ ਉਹ ਕੁਝ ਵੀ ਨਾ ਬੋਲਣ ਦੀ ਹਾਲਾਤ ਵਿੱਚ ਸੀ। ਉਹਨਾਂ ਇਹ ਵੀ ਦੱਸਿਆ ਕਿ ਨੌਦੀਪ ਉਪਰ ਜਿੰਨਾ ਧਰਾਵਾਂ ਤਹਿਤ ਮੁਕਦਮੇ ਦਰਜ ਕੀਤੇ ਗਏ ਹਨ, ਉਹਨਾਂ ਵਿੱਚ ਜਮਾਨਤ ਵੀ ਨਹੀਂ ਹੋ ਸਕਦੀ। ਦਰਦ ਭਰੀ ਅਵਾਜ਼ ਵਿੱਚ ਮਾਂ ਦੇ ਬੋਲ ਸਨ ਕਿ ਕੋਈ ਵੀ ਸਰਕਾਰ ਜਾਂ ਮੰਤਰੀ ਸਾਡੀ ਬਾਂਹ ਨਹੀਂ ਫੜ ਰਿਹਾ।

ਅਸੀਂ ਸਾਰੇ ਜਾਣਦੇ ਹਾਂ ਕਿ ਨਜਾਇਜ਼ ਗ੍ਰਿਫ਼ਤਾਰੀਆਂ, ਡਾਂਗਾ, ਸੋਟੇ ਅੰਦੋਲਨ ਦਾ ਇੱਕ ਹਿੱਸਾ ਹੁੰਦੇ ਹਨ। ਪਰ ਏਨਾ ਤਸ਼ੱਦਦ ਕਿ ਇੱਕ ਨੌਜਵਾਨ ਲੜਕੀ ਨੂੰ ਬਿਨਾ ਕਿਸੇ ਜੁਰਮ ਜਾਂ ਗਲਤੀ ਦੇ ਜੇਲ੍ਹ ਵਿੱਚ ਮਾਰਿਆ ਕੁੱਟਿਆ ਜਾ ਰਿਹਾ ਹੈ। ਕੋਈ ਵੀ ਸਰਕਾਰ, ਪ੍ਰਸ਼ਾਸਨ ਜਾਂ ਕਿਸਾਨੀ ਆਗੂ ਕਿਸੇ ਨੇ ਕਿਤੇ ਵੀ ਨੌਦੀਪ ਕੌਰ ਦੀ ਰਿਹਾਈ ਦੀ ਗੱਲ ਨਹੀਂ ਕੀਤੀ। ਇੱਥੋਂ ਤੱਕ ਕਿ ਸ਼ੋਸਲ ਮੀਡੀਏ ਤੋਂ ਇਲਾਵਾ ਨਾ ਕਿਸੇ ਅਖਬਾਰ ਵਿੱਚ ਅਤੇ ਨਾ ਹੀ ਟੈਲੀਵਿਜ਼ਨ ਚੈਨਲ ਉੱਪਰ ਨੌਦੀਪ ਕੌਰ ਦੀ ਗ੍ਰਿਫਤਾਰੀ ਦੀ ਗੱਲ ਕੀਤੀ ਗਈ। ਆਖਰ ਪੁਲਿਸ ਪ੍ਰਸ਼ਾਸਨ ਇਸ ਗੱਲ ਦਾ ਉੱਤਰ ਦੇਵੇ ਕਿ ਕਿਸ ਜੁਰਮ ਤਹਿਤ ਇਸ ਬੱਚੀ ਨੂੰ ਸਜ਼ਾ ਦਿੱਤੀ ਜਾ ਰਹੀ ਹੈ। ਇੱਕ ਪਾਸੇ ਅਸੀ ਚਿੰਤਤ ਰਹਿੰਦੇ ਹਾਂ ਕਿ ਨੋਜਵਾਨ ਲੜਕੇ ਲੜਕੀਆਂ ਆਪਣੇ ਰਸਤੇ ਤੋਂ ਭਟਕ ਰਹੇ ਹਨ ਦੂਸਰੇ ਪਾਸੇ ਜਿਹੜੇ ਨੋਜਵਾਨ ਸਮਾਜ ਲਈ ਦੇਸ਼ ਦੇ ਲੋਕਾਂ ਦੀ ਅਵਾਜ਼ ਬੁਲੰਦ ਕਰ ਰਹੇ ਹਨ ਉਹਨਾਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ। ਮੈਨੂੰ ਨਹੀਂ ਲੱਗਦਾ ਕਿ ਜਿੰਨਾ ਘਾਣ ਭਾਰਤ ਵਿੱਚ ਲੋਕਤੰਤਰ ਦਾ ਹੋਇਆ ਕਿਸੇ ਹੋਰ ਦੇਸ਼ ਵਿੱਚ ਹੋਇਆ ਹੋਵੇਗਾ। ਦੇਸ਼ ਦੇ ਰਖਵਾਲਿਆਂ ਨੇ ਐਸੀਆਂ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਕਿ ਭਾਰਤੀ ਸਰਕਾਰ ਨੂੰ ਪੂਰੇ ਸੰਸਾਰ ਭਰ ਵਿਚੋਂ ਲਾਹਨਤਾਂ ਹੀ ਮਿਲ ਰਹੀਆਂ ਹਨ। ਪਰ ਨੋਦੀਪ ਦੀ ਗ੍ਰਿਫਤਾਰੀ ਅਤੇ ਫਿਰ ਉਸਦੇ ਹੱਕ ਵਿੱਚ ਕਿਸੇ ਵੀ ਸਰਕਾਰ ,ਆਗੂ ਜਾਂ ਮੰਤਰੀ ਵੱਲੋਂ ਨਾ ਬੋਲਣਾ ਸਰਕਾਰ ਅਤੇ ਪ੍ਰਸ਼ਾਸਨ ਦੋਨਾਂ ਦੀ ਕਾਰਗੁਜ਼ਾਰੀ ਉੱਪਰ ਸਵਾਲੀਆ ਚਿੰਨ੍ਹ ਲਗਾਉਂਦਾ ਹੈ। ਪਰ ਸਾਨੂੰ ਸਾਰਿਆਂ ਨੂੰ ਮਾਣ ਹੈ ਇਸ ਬਹਾਦੁਰ ਲੜਕੀ ਉੱਪਰ ਜਿਸਨੇ ਆਪਣੀ ਜਾਨ, ਮਾਣ ਦੀ ਪਰਵਾਹ ਨਾ ਕਰਦਿਆਂ ਲੋਕਾਂ ਦੇ ਹੱਕ ਵਿੱਚ ਅਵਾਜ਼ ਉਠਾਈ। ਹੁਣ ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਇਸ ਲੜਕੀ ਦੀ ਰਿਹਾਈ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦ ਵੋਟਾਂ ਲੈਣ ਗਏ ਮੰਤਰੀਆਂ ਨੂੰ ਲੋਕਾਂ ਨੇ ਪਿੰਡਾਂ ਵਿਚ ਦਾਖਿਲ ਹੋਣ ਤੋਂ ਪਹਿਲਾਂ ਹੀ ਅਲਵਿਦਾ ਬੋਲ ਦੇਣੀ ਹੈ ਜਾਂ ਕਿਸੇ ਮੰਤਰੀ ਨੂੰ ਆਉਂਦਿਆਂ ਦੇਖ ਆਪਣੇ ਦਰਵਾਜ਼ੇ ਬੰਦ ਕਰ ਲਿਆ ਕਰਨੇ ਹਨ। ਸੋ ਜਿਸਦਾ ਜਿੰਨਾ ਫਰਜ ਬਣਦਾ ਹੈ ਆਪਣੇ ਫਰਜ਼ ਨੂੰ ਪਹਿਚਾਣੋ ਅਤੇ ਅਨਿਆਂ ਵਿਰੁੱਧ ਛਿੜੀ ਇਸ ਜੰਗ ਵਿੱਚ ਆਪਣਾ ਯੋਗਦਾਨ ਪਾਓ। ਮਾਣ ਹੈ ਇਸ ਧੀ ਉੱਪਰ ਪੂਰੇ ਦੇਸ਼ ਨੂੰ ਕਿਉਂਕਿ ਅੰਦੋਲਨਾਂ ਵਿੱਚ ਗ੍ਰਿਫਤਾਰੀਆਂ ਦੇਣ ਵਾਲੇ ਲੋਕ ਆਮ ਨਹੀਂ ਹੁੰਦੇ।

-ਹਰਕੀਰਤ ਕੌਰ




# ਦੁਬਈ ਵਿੱਚ ਵਰਕ ਪਰਮਿਟ ਦਿਵਾਉਣ ਬਹਾਨੇ 15.30 ਲੱਖ ਠੱਗੇ

ਜਲੰਧਰ, 9 ਫਰਵਰੀ (ਪੋਸਟ ਬਿਊਰੋ)-ਚੰਡੀਗੜ੍ਹ ਦੇ ਟ੍ਰੈਵਲ ਏਜੰਟ ਦੇ ਖਿਲਾਫ ਵਰਕ ਪਰਮਿਟ ਉੱਤੇ ਮਾਂ-ਪੁੱਤ ਅਤੇ ਭਰਾ ਨੂੰ ਦੁਬਈ ਭੇਜਣ ਦਾ ਝਾਂਸਾ ਦੇ ਕੇ 15.30 ਲੱਖ ਰੁਪਏ ਠੱਗਣ ਦਾ ਕੇਸ ਦਰਜ ਕੀਤਾ ਗਿਆ ਹੈ।




ਸ਼ਾਹਕੋਟ ਦੇ ਪਿੰਡ ਰੂਪੋਵਾਲ ਦੀ ਸੰਗੀਤਾ ਕੁਮਾਰੀ ਨੇ ਕਿਹਾ ਕਿ ਸੈਕਟਰ 51 ਚੰਡੀਗੜ੍ਹ ਦੇ ਵਸਨੀਕ ਟ੍ਰੈਵਲ ਏਜੰਟ ਰੋਬਿਨ ਰਿਚਰਡ ਨਾਲ ਦੁਬਈ ਜਾਣ ਬਾਰੇ ਗੱਲ ਹੋਈ ਸੀ। ਉਸ ਦੇ ਨਾਲ ਬੇਟੇ ਜੌਲ ਓਸੀਨ ਅਤੇ ਭਰਾ ਵਰੁਣ ਕੁਮਾਰ ਨੂੰ ਦੁਬਈ ਭੇਜਣ ਦੇ ਬਦਲੇ ਰੋਬਿਨ ਰਿਚਰਡ ਨੇ 15.30 ਲੱਖ ਰੁਪਏ ਲਏ, ਪਰ ਭੇਜਿਆ ਨਹੀਂ। ਉਸ ਨੇ ਵਰਕ ਪਰਮਿਟ ਉੱਤੇ ਦੁਬਈ ਭੇਜਣ ਦਾ ਝਾਂਸਾ ਦਿੱਤਾ ਸੀ। ਸੰਗੀਤਾ ਨੇ ਦੱਸਿਆ ਕਿ ਇਸ ਬਾਰੇ ਪਹਿਲਾਂ ਸ਼ਿਕਾਇਤ ਹੋਈ ਤਾਂ ਥਾਣਾ ਨੰਬਰ ਦੋ ਵਿੱਚ ਰਾਜ਼ੀਨਾਮਾ ਹੋ ਗਿਆ ਤੇ ਰੋਬਿਨ ਰਿਚਰਡ ਨੇ ਤਿੰਨ ਕਿਸ਼ਤਾਂ ਵਿੱਚ 15 ਲੱਖ ਰੁਪਏ ਮੋੜਨ ਦਾ ਭਰੋਸਾ ਦੇ ਕੇ ਉਸ ਦੇ ਪਤੀ ਵਿਸ਼ਾਲ ਮਸੀਹ ਦੇ ਨਾਂਅ ਉੱਤੇ ਤਿੰਨ ਚੈਕ ਦੇ ਦਿੱਤੇ। ਜਦੋਂ ਪਹਿਲੀ ਕਿਸ਼ਤ ਦਾ ਚੈਕ ਬੈਂਕ ਵਿੱਚ ਲਗਾਇਆ ਤਾਂ ਬਾਊਂਸ ਹੋ ਗਿਆ। ਐਸ ਪੀ ਹੈਡਕੁਆਰਟਰ ਨੇ ਦੱਸਿਆ ਕਿ ਸੰਗੀਤਾ ਕੁਮਾਰੀ ਦੇ ਬਿਆਨ ਦਰਜ ਕਰਨ ਦੇ ਬਾਅਦ ਟ੍ਰੈਵਲਏਜੰਟ ਰੋਬਿਨ ਰਿਚਰਡ ਨੂੰ ਪੜਤਾਲ ਵਿੱਚ ਸ਼ਾਮਲ ਹੋਣ ਨੂੰ ਕਿਹਾ ਸੀ। ਜਦ ਉਸ ਦੇ ਪਤੇ ਉੱਤੇ ਨੋਟਿਸ ਭੇਜਿਆ ਤਾਂ ਘਰਨੂੰ ਤਾਲਾ ਲੱਗਾ ਸੀ। ਫਿਰ ਉਨ੍ਹਾਂ ਦੇ ਰਿਸ਼ਤੇਦਾਰ ਅਜੈ ਕੁਮਾਰ ਪਾਸਟਰ ਦੇ ਰਾਹੀਂ ਟ੍ਰੈਵਲ ਏਜੰਟ ਨੂੰ ਸੱਦਿਆ ਤਾਂ ਉਹ ਨਹੀਂ ਆਇਆ। ਜਾਂਚ ਦੇ ਬਾਅਦ ਟ੍ਰੈਵਲ ਏਜੰਟ ਦੇ ਖਿਲਾਫ ਕੇਸ ਦਰਜ ਕਰਨ ਦੀ ਸਿਫਾਰਸ਼ ਕਰ ਦਿੱਤੀ। ਸੰਗੀਤਾ ਕੁਮਾਰੀ ਨੇ ਰੋਬਿਨ ਰਿਚਰਡ ਦੇ ਨਾਲ ਉਸ ਦੇ ਭਰਾ ਮੋਟੂ ਰਿਚਰਡ, ਪਤਨੀ ਨੇਹਾ ਅਤੇ ਭੈਣ ਰੂਮਾ ਤੇ ਸੋਨੀਆ ਖਿਲਾਫ ਵੀ ਦੋਸ਼ ਲਾਏ ਸਨ। ਜਾਂਚ ਅਫਸਰ ਨੇ ਕਿਹਾ ਕਿ ਪੜਤਾਲ ਦੌਰਾਨ ਜੇ ਕਿਸੇ ਦੀ ਭੂਮਿਕਾ ਸਾਹਮਣੇ ਆਈ ਤਾਂ ਕਾਰਵਾਈ ਹੋਵੇਗੀ।

## ਇਕੱਲੇ ਰਹਿੰਦੇ ਬਜ਼ੁਰਗ ਦਾ ਕਤਲ, ਅਣਪਛਾਤਿਆਂ ਖਿਲਾਫ ਕੇਸ ਦਰਜ

ਮਹਿਤਪੁਰ, 9 ਫਰਵਰੀ (ਪੋਸਟ ਬਿਊਰੋ)- ਪਿੰਡ ਉਧੋਵਾਲ ਵਿੱਚ ਇੱਕ ਬਜ਼ੁਰਗ ਵਿਅਕਤੀ ਨੂੰ ਮਾਰ ਦਿੱਤਾ ਗਿਆ ਹੈ। ਇਸ ਮਾਮਲੇ ਵਿੱਚ ਪੁਲਸ ਨੇ ਕੇਸ ਦਰਜ ਕਰਲਿਆ ਅਤੇ ਜਾਂਚ ਕੀਤੀ ਜਾ ਰਹੀ ਹੈ।

ਮ੍ਰਿਤਕਬਜ਼ੁਰਗ ਦੇ ਦਾਮਾਦ ਅਤੇ ਪਿੰਡ ਉਗੀ ਦੇ ਵਾਸੀ ਪਰਮਜੀਤ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਵਿਆਹ ਪਿੰਡ ਉਧੋਵਾਲ ਦੀ ਪਰਮਜੀਤ ਕੌਰ ਪੁੱਤਰੀ ਦਰਸ਼ਨ ਨਾਲ ਹੋਇਆ ਹੈ। ਉਸ ਦੇ ਦੋ ਸਾਲੇ ਤੇ ਇੱਕ ਸਾਲੀ ਵਿੱਚੋਂ ਇੱਕ ਸਾਲਾ ਕਲਮਜੀਤ ਤੇਜੀ ਗ੍ਰੀਸ ਵਿੱਚ ਰਹਿੰਦਾ ਹੈ ਅਤੇ ਦੂਸਰੇ ਗਗਨ ਦੀ ਇੱਕ ਸਾਲ ਪਹਿਲਾਂ ਮੌਤ ਹੋ ਗਈ ਸੀ। ਸਾਲੀ ਵੰਦਨਾ ਜਲੰਧਰ ਵਿੱਚ ਵਿਆਹੀ ਹੋਈ ਸੀ, ਜਿਸ ਦੀ 2010 ਵਿੱਚ ਮੌਤ ਹੋ ਗਈ ਤੇ ਉਸ ਦਾ ਸਹੁਰਾ ਦਰਸ਼ਨ ਲਾਲ ਤੇਜੀ ਘਰ ਵਿੱਚ ਇਕੱਲਾ ਰਹਿੰਦਾ ਸੀ ਅਤੇ ਘਰ ਵਿੱਚ ਖਾਣਾ ਵੀ ਖੁਦ ਬਣਾਉਂਦਾ ਸੀ। ਕੱਲ੍ਹ ਉਸ ਨੇ ਆਪਣੇ ਬੇਟੇ ਦੀਪਕ, ਜਿਸ ਦਾ ਵਿਆਹ 21 ਫਰਵਰੀ ਨੂੰ ਤੈਅ ਹੋਇਆ ਸੀ, ਦੇ ਸਬੰਧ ਵਿੱਚ ਆਪਣੇ ਸਹੁਰੇ ਨੂੰ ਫੋਨ ਕੀਤਾ, ਪਰ ਉਨ੍ਹਾਂ ਦਾ ਫੋਨ ਬੰਦ ਸੀ। ਉਹ ਪਰਵਾਰ ਸਮੇਤ ਉਧੋਵਾਲ ਪਹੁੰ-ਚਆ ਤਾਂ ਘਰ ਦਾ ਮੇਨ ਗੇਟ ਬੰਦ ਸੀ। ਕਾਫੀ ਖੜਕਾਉਣ ਉੱਤੇ ਵੀ ਅੰਦਰੋਂ ਆਵਾਜ਼ ਨਾ ਆਈ ਤਾ ਬੇਟੇ ਦੀਪ ਨੂੰ ਕੰਧ ਟੱਪ ਕੇ ਅੰਦਰ ਭਿਜਵਾਇਆ ਤਾਂ ਦੇਖਿਆ ਕਿ ਸਹੁਰਾ ਲੇਟਿਆ ਹੋਇਆ ਸੀ, ਜਿਸ ਨੂੰ ਹਿਲਾ ਕੇ ਦੇਖਿਆ ਤਾਂ ਉਨ੍ਹਾਂ ਦੀ ਮੌਤ ਹੋ ਚੁੱਕੀ ਸੀ ਅਤੇ ਉਨ੍ਹਾਂ ਦੇ ਗਲੇ ਉੱਤੇ ਉਂਗਲਾਂ ਨਾਲ ਦਬਾਉਣ ਦੇ ਨਿਸ਼ਾਨ ਸਨ। ਇਸ ਦੇ ਬਾਅਦ ਉਨ੍ਹਾਂ ਨੂੰ ਸ਼ੱਕ ਹੋਇਆ ਕਿ ਦਰਸ਼ਨ ਤੇਜੀ ਨੂੰ ਕਿਸੇ ਨੇ ਗਲਾ ਘੁੱਟ ਕੇ ਮਾਰਿਆ ਹੈ। ਓਥੇ ਉਨ੍ਹਾਂ ਦੇ ਸਹੁਰੇ ਦਾ ਫੋਨ ਵੀ ਨਹੀਂ ਮਿਲਿਆ। ਥਾਣਾ ਮਹਿਤਪੁਰ ਇੰਚਾਰਜ ਲਖਵੀਰ ਸਿੰਘ ਨੇ ਕਿਹਾ ਕਿ ਅਣਪਛਾਤੇ ਲੋਕਾਂ ਖਿਲਾਫ ਕੇਸ ਦਰਜ ਕਰ ਕੇ ਜਾਂਚ ਕੀਤੀ ਜਾ ਰਹੀ ਹੈ।ਜਾਂਚ ਦੌਰਾਨ ਪੁਲਸ ਨੂੰ ਘਰ ਵਿੱਚ ਸਾਮਾਨ ਖਿਲਰਿਆ ਪਿਆ ਮਿਲਿਆ ਸੀ, ਪਰ ਗਾਇਬ ਕੀ ਹੋਇਆ, ਇਸ ਦੀ ਜਾਣਕਾਰੀ ਨਹੀਂ ਸੀ। ਜਵਾਈ ਪਰਮਜੀਤ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ।

# ਚੰਡੀਗੜ੍ਹ ਵਿੱਚ ਬੈਂਕ ਤੋਂ ਬੰਦੂਕ ਦੀ ਨੋਕ ਉਤੇ 8.65 ਲੱਖ ਲੁੱਟੇ

ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ)- ਇੱਕ ਅਣਪਛਾਤੇ ਵਿਅਕਤੀ ਨੇ ਕੱਲ੍ਹ ਚੰਡੀਗੜ੍ਹ ਰਾਜ ਕੋਆਪਰੇਟਿਵ ਬੈਂਕ ਤੋਂ ਬੰਦੂਕ ਦੀ ਨੋਕ ਉੱਤੇ ਲਗਭਗ 8.65 ਲੱਖ ਰੁਪਏ ਲੁੱਟ ਲਏ। ਇੱਕ ਪੁਲਸ ਅਧਿਕਾਰੀ ਮੁਤਾਬਕ ਇਹ ਘਟਨਾ ਸੈਕਟਰ 61 ਦੀ ਬੈਂਕ ਬ੍ਰਾਂਚ ਵਿੱਚ ਹੋਈ। ਸੈਕਟਰ 61 ਦੀ ਪੁਲਸ ਚੌਕੀ ਦੇ ਇੰਚਾਰਜ ਸਬ ਇੰਸਪੈਕਟਰ ਕੁਲਦੀਪ ਸਿੰਘ ਨੇ ਕਿਹਾ ਕਿ ਇੱਕ ਅਣਪਛਾਤਾ ਵਿਅਕਤੀ ਬੈਂਕ ਵਿਚ ਆਇਆ ਅਤੇ ਬੰਦੂਕ ਦੀ ਨੋਕ ਉੱਤੇ ਲਗਭਗ 8.65 ਲੱਖ ਰੁਪਏ ਲੁੱਟ ਕੇ ਲੈ ਗਿਆ। ਉਨ੍ਹਾਂ ਨੇ ਦੱਸਿਆ ਕਿ ਹਾਲਾਂਕਿ ਸੀ ਸੀ ਟੀ ਵੀ ਕੈਮਰੇ ਲਗਾਏ ਗਏ ਸਨ, ਪਰ ਉਨ੍ਹਾਂ ਨੂੰ ਅਜੇ ਤੱਕ ਕੋਈ ਫੁਟੇਜ ਨਹੀਂ ਮਿਲੀ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ।



ਇਸ ਵਾਰਦਾਤ ਦੀ ਸੂਚਨਾ ਮਿਲਣ ਦੇ ਬਾਅਦ ਪੁੱਜੇ ਬੈਂਕ ਦੇ ਸੀਨੀਅਰ ਮੈਨੇਜਰ ਦਿਲਬਾਗ ਸਿੰਘ ਨੇ ਦੱਸਿਆ ਕਿ ਬੈਂਕ ਵਿੱਚ ਵਾਰਦਾਤ ਦੇ ਸਮੇਂ ਬੈਂਕ ਦੀ ਮੈਨੇਜਰ ਅਨੁਰਾਧਾ ਅਵਸਥੀ, ਪੀਅਨ ਅਮਰੀਕ ਸਿੰਘ, ਪੀਅਨ ਅਮਰਜੀਤ ਅਤੇ ਲੇਡੀ ਕੈਸ਼ੀਅਰ ਨੀਤੂ ਰਾਣਾ ਸਨ। 12 ਵਜੇ ਦੇ ਕਰੀਬ 30-35 ਸਾਲ ਦਾ ਇੱਕ ਨੌਜਵਾਨ ਬੈਂਕ ਦੇ ਅੰਦਰ ਆਇਆ ਅਤੇ ਆਉਂਦੇ ਹੀ ਉਸ ਨੇ ਪਿਸਟਲ ਕੱਢ ਲਈ ਅਤੇ ਅੰਦਰ ਕੈਸ਼ ਕਾਊਂਟਰ ਉੱਤੇ ਚਲਾ ਗਿਆ, ਜਿੱਥੇ ਪੀਅਨ ਅਮਰਜੀਤ ਬੈਠਾ ਹੋਇਆ ਸੀ। ਉਸ ਨੇ ਪਿਸਟਲ ਦਿਖਾ ਕੇ ਬੈਂਕ ਦਾ ਸਾਰਾ ਕੈਸ਼ ਉਸ ਨੂੰ ਦੇਣ ਲਈ ਕਿਹਾ। ਅਮਰਜੀਤ ਨੇ ਕੈਸ਼ ਵਾਲਾ ਬੈਗ ਉਸ ਨੂੰ ਦੇ ਦਿੱਤਾ। ਫਰਾਰ ਹੁੰਦੇ ਸਮੇਂ ਲੁਟੇਰੇ ਨੇ ਧਮਕੀ ਦਿੱਤੀ ਕਿ ਜੇ ਕਿਸੇ ਨੇ ਉਸ ਦਾ ਪਿੱਛਾ ਕੀਤਾ ਤਾਂ ਉਹ ਫਾਇਰਿੰਗ ਕਰ ਦੇਵੇਗਾ, ਜਿਸ ਕਾਰਨ ਕੋਈ ਉਸ ਦੇ ਪਿੱਛੇ ਨਹੀਂ ਗਿਆ।

## ਪੰਜਾਬ ਦੀਆਂ ਲੋਕਲ ਬਾਡੀ ਚੋਣਾਂ ਵਿੱਚ 'ਟਰੈਕਟਰ ਉੱਤੇ ਕਿਸਾਨ' ਦਾ ਨਿਸ਼ਾਨ ਉਮੀਦਵਾਰਾਂ ਦੀ ਪਸੰਦ ਬਣਿਆ

ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿੱਚ 14 ਫਰਵਰੀ ਨੂੰ ਹੋ ਰਹੀਆਂ ਲੋਕਲ ਚੋਣਾਂ ਦੇ ਦੌਰਾਨ ਆਜ਼ਾਦ ਉਮੀਦਵਾਰਾਂ ਵਿੱਚ ਚੋਣ ਨਿਸ਼ਾਨ ਵਜੋਂ 'ਟਰੈਕਟਰ ਉੱਤੇ ਬੈਠਾ ਕਿਸਾਨ'ਸਭ ਤੋਂ ਵੱਡੀ ਮੰਗ ਹੋ ਗਿਆ।



ਚੋਣ ਅਧਿਕਾਰੀਆਂ ਮੁਤਾਬਕ ਇਸ ਚੋਣ ਨਿਸ਼ਾਨ ਦੀ ਮੰਗ ਕਰਨ ਵਾਲੇ ਕੁਝ ਉਮੀਦਵਾਰਾਂ ਨੇ ਕਿਹਾ ਕਿ ਇਸ ਚਿੰਨ੍ਹ ਨਾਲ ਉਨ੍ਹਾਂ ਨੂੰ ਉਹ ਵੋਟਾਂ ਖਿੱਚਣ ਵਿੱਚਮਦਦ ਮਿਲੇਗੀ, ਜੋ ਦਿੱਲੀ ਦੀਆਂ ਸਰਹੱਦਾਂ ਉੱਤੇ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਕਰ ਰਹੇ ਕਿਸਾਨਾਂ ਦੇ ਸਮਰਥਕ ਹਨ। ਆਜ਼ਾਦ ਗਰੁੱਪ ਦੇ ਮੈਂਬਰ ਤੇ ਮੋਹਾਲੀ ਦੇ ਸਾਬਕਾ ਮੇਅਰ ਕੁਲਵੰਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਵੀ ਇਹ ਚੋਣ ਨਿਸ਼ਾਨ ਮਿਲਿਆ ਹੈ। ਇੱਕ ਅਧਿਕਾਰੀ ਨੇ ਕਿਹਾ ਕਿ ਨਵਾਂਸ਼ਹਿਰ ਦੀ ਨਗਰ ਕਮੇਟੀ ਦੇ 19 ਵਾਰਡਾਂ ਵਿੱਚੋਂ ਲੱਗਭਗ ਸੱਤ ਆਜ਼ਾਦ ਉਮੀਦਵਾਰ ਇਸੇ ਨਿਸ਼ਾਨ ਨਾਲ ਕਿਸਮਤ ਅਜ਼ਮਾ ਰਹੇ ਹਨ। ਮੋਹਾਲੀ ਵਿੱਚ ਖਰੜ ਦੇ 13 ਨੰਬਰ ਵਾਰਡ ਤੋਂ ਆਜ਼ਾਦ ਉਮੀਦਵਾਰ ਦੇ ਪਤੀ ਕੁਲਦੀਪ ਸਿੰਘ ਸਿੱਧੂ ਨੇ ਕਿਹਾ ਕਿ 'ਟਰੈਕਟਰ ਉੱਤੇ ਬੈਠੇ ਕਿਸਾਨ' ਨਾਲ ਉਨ੍ਹਾਂ ਨੂੰ ਵੋਟਾਂ ਮਿਲਣ ਵਿੱਚ ਆਸਾਨੀ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਇਹ ਨਿਸ਼ਾਨ ਕਿਸਾਨਾਂ ਦੇ ਨਾਲ ਖੇਤੀ ਮਜ਼ਦੂਰਾਂ ਨੂੰ ਵੀ ਦਰਸਾਉਂਦਾ ਹੈ। ਕਿਸਾਨ ਪਰਵਾਰ ਨਾਲ ਸਬੰਧ ਰੱਖਦੇ ਸਿੱਧੂ ਨੇ ਕਿਹਾ ਕਿ ਕਿਸਾਨ ਅੰਦੋਲਨ ਦੇ ਕਾਰਨ ਇਹ ਨਿਸ਼ਾਨ ਹਰ ਆਜ਼ਾਦ ਉਮੀਦਵਾਰ ਦੀ ਪਹਿਲੀ ਪਸੰਦ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜਿਹੜੇ ਵਾਰਡਾਂ ਵਿੱਚ ਇਸ ਨਿਸ਼ਾਨ ਦੀ ਮੰਗ ਕਰਨ ਵਾਲਿਆਂ ਦੀ ਗਿਣਤੀ ਇੱਕ ਤੋਂ ਵੱਧ ਸੀ, ਉਥੇ ਡਰਾਅ ਕੱਢਿਆ ਗਿਆ।

# ਚਾਲੀ ਤੋਲੇ ਸੋਨੇ ਦੇ ਗਹਿਣੇ ਖਰੀਦ ਕੇ ਦੋਸ਼ੀ ਇੰਗਲੈਂਡ ਜਾ ਵੜਿਆ

ਜਲੰਧਰ, 9 ਫਰਵਰੀ (ਪੋਸਟ ਬਿਊਰੋ)- ਆਪਣੇ ਵਿਆਹ ਦੇ ਲਈ ਕੱਪੜਾ ਵਪਾਰੀ ਲਾੜੇ ਨੇ ਚਾਲੀ ਤੋਲੇ ਸੋਨੇ ਦੇ ਗਹਿਣੇ ਖਰੀਦ ਕੇ ਸੁਨਿਆਰੇ ਨੂੰ ਪੰਜ ਚੈਕ ਦਿੱਤੇ, ਪਰ ਸਾਰੇ ਚੈੱਕਬਾਊਂਸ ਹੋ ਗਏ। ਜਦੋਂ ਸੁਨਿਆਰੇ ਨੇ ਲੀਗਲ ਨੋਟਿਸ ਦਿੱਤਾ ਤਾਂ ਅੱਗੋਂ ਜਵਾਬ ਆਇਆ ਕਿ ਮੈਂ ਕੋਈ ਗਹਿਣੇ ਖਰੀਦੇ ਹੀ ਨਹੀਂ। ਪਤਾ ਲੱਗਾ ਹੈ ਕਿ ਇਸ ਦੌਰਾਨ ਦੋਸ਼ੀ ਕੱਪੜਾ ਵਪਾਰੀ ਆਪਣੀ ਪਤਨੀ ਨਾਲ ਇੰਗਲੈਂਡ ਪਹੁੰਚ ਗਿਆ ਹੈ।



ਇਸ ਬਾਰੇ ਥਾਣਾ ਬਸਤੀ ਬਾਵਾ ਖੇਲ ਵਿੱਚ ਕੱਪੜਾ ਵਪਾਰੀ ਗਗਨਦੀਪ ਸਿੰਘ ਵਾਸੀ ਰਾਜਾ ਗਾਰਡਨ ਦੇ ਨਾਲ ਉਸ ਦੇ ਐਨ ਆਰ ਆਈ ਪਿਤਾ ਪ੍ਰਤਾਪ ਸਿੰਘ ਅਤੇ ਮਾਂ ਚਰਨਜੀਤ ਕੌਰ ਦੇ ਖਿਲਾਫ ਕੇਸਦਰਜ ਕੀਤਾ ਗਿਆ ਹੈ, ਪਰ ਅਜੇ ਤੱਕ ਕਿਸੇ ਦੀ ਗ੍ਰਿਫਤਾਰੀ ਨਹੀਂ ਹੋਈ। ਦੋਸ਼ੀ ਮਿੱਠੂ ਬਸਤੀ ਦੇ ਰਹਿਣ ਵਾਲੇ ਸਨ।ਸ਼ਾਸਤਰੀ ਨਗਰ ਦੇ ਸੰਦੀਪ ਸਿੰਘ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਕਿ ਉਹ ਹਰਬੰਸ ਨਗਰ ਵਿੱਚ ਭਾਟੀਆ ਮਾਰਕੀਟ ਵਿੱਚ ਪ੍ਰਿੰਸ ਜਿਊਲਰਜ਼ ਨਾਂਅ ਦੀ ਦੁਕਾਨ ਕਰਦੇ ਹਨ। ਐਨ ਆਰ ਆਈ ਪ੍ਰਤਾਪ ਸਿੰਘ ਉਨ੍ਹਾਂ ਦੇ ਕਾਫੀ ਪੁਰਾਣੇ ਗਾਹਕ ਹਨ। ਬੀਤੇ ਸਾਲ 17 ਜਨਵਰੀ ਨੂੰ ਉਨ੍ਹਾਂ ਦੀ ਦੁਕਾਨ ਉੱਤੇ ਉਨ੍ਹਾਂ ਦਾ ਬੇਟਾ ਗਗਨਦੀਪ ਸਿੰਘ, ਖੁਦ ਪ੍ਰਤਾਪ ਸਿੰਘ ਅਤੇ ਚਰਨਜੀਤ ਕੌਰ ਆਏ ਅਤੇ ਦੱਸਿਆ ਕਿ ਬੇਟੇ ਗਗਨ ਦਾ 14 ਫਰਵਰੀ ਨੂੰ ਵਿਆਹ ਹੈ, ਇਸ ਲਈ ਨੂੰਹ ਦੇ ਗਹਿਣੇ ਖਰੀਦਣੇ ਹਨ। ਐਨ ਆਰ ਆਈ ਪਰਵਾਰ ਨੇ ਕਰੀਬ ਚਾਲੀ ਤੋਲੇ ਸੋਨੇ ਦੇ ਗਹਿਣੇ ਖਰੀਦੇ, ਜਿਸ ਦੀ ਕੀਮਤ 16.61 ਲੱਖ ਰੁਪਏ ਬਣਦੀ ਸੀ। ਪ੍ਰਤਾਪ ਸਿੰਘ ਦੇ ਨਾਂਅ ਉੱਤੇ ਦੋ ਬਿੱਲ ਬਣਾਏ ਗਏ, ਇੱਕ ਬਿੱਲ ਸੱਤ ਲੱਖ ਇੱਕ ਹਜ਼ਾਰ ਦਾ ਤਾਂ ਦੂਸਰਾ ਨੌਂ ਲੱਖ 60 ਹਜ਼ਾਰ ਰੁਪਏ ਦਾ। ਇਸ ਦੇ ਬਦਲੇਗਗਨ ਨੇ ਪੰਜ ਚੈਕ ਕੱਟ ਕੇ ਦਿੱਤੇ। ਇਹ ਸਾਰੇ ਚੈੱਕ ਛੋਟੀ ਬਾਰਾਂਦਰੀ ਦੇ ਇੱਕ ਪ੍ਰਾਈਵੇਟ ਬੈਂਕ ਦੇ ਸਨ। ਪਹਿਲਾ ਚੈਕ 15 ਅਪ੍ਰੈਲ ਨੂੰ ਲਾਉਣਾ ਸੀ, ਪੁਰਾਣਾ ਗਾਹਕ ਹੋਣ ਕਾਰਨ ਚੈਕ ਲੈ ਕੇ ਗਹਿਣੇ ਦੇ ਦਿੱਤੇ ਸਨ। ਸੁਨਿਆਰੇ ਸੰਦੀਪ ਨੇ ਕਿਹਾ ਕਿ ਜਦ ਪਹਿਲਾ ਚੈਕ ਬੈਂਕ ਵਿੱਚ ਲਾਇਆ ਤਾਂ ਉਹ ਬਾਊਂਸ ਹੋ ਗਿਆ। ਚੈਕ ਬਾਊਂਸ ਹੋਣ ਉੱਤੇ ਗੱਲ ਕੀਤੀ ਤਾਂ ਕੋਈ ਜਵਾਬ ਨਹੀਂ ਆਇਆ। ਇਸ ਲਈ ਲੀਗਲ ਨੋਟਿਸ ਭੇਜਿਆ ਤਾਂ ਜਵਾਬ ਆਇਆ ਕਿ ਗਹਿਣੇ ਖਰੀਦੇ ਹੀ ਨਹੀਂ। ਇਸ ਪਿੱਛੋਂ ਇੱਕ-ਇੱਕ ਕਰ ਕੇ ਸਾਰੇ ਚੈਕ ਬਾਊਂਸ ਹੋ ਗਏ ਸਨ। ਸੰਦੀਪ ਨੇ ਕਿਹਾ ਕਿ ਇਸ ਦੌਰਾਨ ਉਸ ਨੂੰ ਪਤਾ ਲੱਗਾ ਕਿ ਗਗਨ ਵਿਆਹ ਕਰ ਕੇ ਪਤਨੀ ਨਾਲ ਇੰਗਲੈਂਡ ਚਲਾ ਗਿਆ ਹੈ। ਉਨ੍ਹਾਂ ਦੇ ਪਿਤਾ ਪ੍ਰਤਾਪ ਸਿੰਘ ਅਤੇ ਮਾਂ ਮਿਲਦੇ ਨਹੀਂ ਹਨ, ਜਿਸ ਕਰ ਕੇ ਸੰਦੀਪ ਨੇ ਨੌਂ ਦਸੰਬਰ ਨੂੰ ਪੁਲਸ ਕਮਿਸ਼ਨਰ ਦੇ ਕੋਲ ਗਗਨ, ਉਸ ਦੇ ਪਿਤਾ ਅਤੇ ਮਾਂ ਦੇ ਖਿਲਾਫ ਸ਼ਿਕਾਇਤ ਕਰ ਦਿੱਤੀ ਸੀ। ਸੀ ਪੀ ਨੇ ਜਾਂਚ ਏ ਡੀ ਸੀ ਪੀ ਨੂੰ ਸੌਂਪ ਦਿੱਤੀ ਸੀ। ਜਾਂਚ ਦੌਰਾਨ ਸੁਨਿਆਰੇ ਨੇ ਆਪਣੇ ਨਾਲ ਹੋਈ ਠੱਗੀ ਦੇ ਸਬੂਤ ਪੇਸ਼ ਕੀਤੇ ਅਤੇ ਦੱਸਿਆ ਕਿ ਉਹ ਪ੍ਰਤਾਪ ਸਿੰਘ ਦੇ ਘਰ ਗਏ ਤਾਂ ਉਥੇ ਤਾਲੇ ਲੱਗੇ ਹਨ। ਉਨ੍ਹਾਂ ਨੇ ਕਿਹਾ ਕਿ ਜਿਵੇਂ ਗਗਨ ਇੰਗਲੈਂਡ ਚਲਾ ਗਿਆ ਹੈ, ਉਸੇ ਤਰ੍ਹਾਂ ਉਸ ਦੇ ਐਨ ਆਰ ਆਈ ਮਾਂ-ਬਾਪ ਭੱਜ ਸਕਦੇ ਹਨ।

## ਪ੍ਰੇਮੀ ਵੱਲੋਂ ਵਿਆਹ ਤੋਂ ਇਨਕਾਰ ਕਰਨ 'ਤੇ ਲੜਕੀ ਵੱਲੋਂ ਖੁਦਕੁਸ਼ੀ



ਸਮਾਣਾ, 9 ਫਰਵਰੀ (ਪੋਸਟ ਬਿਊਰੋ)- ਪ੍ਰੇਮੀ ਵੱਲੋਂ ਵਿਆਹ ਕਰਨ ਤੋਂ ਇਨਕਾਰ ਕਰਨ ਉੱਤੇ ਲੜਕੀ ਨੇ ਜ਼ਹਿਰੀਲੀ ਚੀਜ਼ ਨਿਗਲ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਲੜਕੀ ਦੇ ਪ੍ਰੇਮੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਥਾਣਾ ਸਦਰ ਥਾਣਾ ਜਾਂਚ ਅਧਿਕਾਰੀ ਏ ਐਸ ਆਈ ਨਿਸ਼ਾਨ ਸਿੰਘ ਨੇ ਦੱਸਿਆ ਕਿ ਮ੍ਰਿਤਕ ਲੜਕੀ ਦੀ ਛੋਟੀ ਭੈਣ ਨੇ ਦੱਸਿਆ ਹੈ ਕਿ ਉਹ ਡੇਰਾ ਬੱਸੀ ਦੇ ਇੱਕ ਕਾਲਜ ਵਿੱਚ ਟੂਰਿਜ਼ਮ ਦਾ ਕੋਰਸ ਕਰਦੀ ਹੈ। ਛੇ ਫਰਵਰੀ ਨੂੰ ਉਸ ਦੀ ਭੈਣ ਆਪਣੇ ਪ੍ਰੇਮੀ ਮੱਖਣ ਸਿੰਘ ਨੂੰ ਮਿਲਣ ਆਈ ਸੀ। ਇਸ ਤੋਂ ਬਾਅਦ ਉਹ ਤਿੰਨੇ ਆਪਣੇ ਘਰ ਲਈ ਚੱਲ ਪਏ। ਦੁਪਹਿਰ ਬਾਅਦ ਬੱਸ ਰਾਹੀਂ ਪਟਿਆਲੇ ਤੋਂ ਬੁਢਲਾਡੇ ਜਾਂਦੇ ਸਮੇਂ ਸਮਾਣਾ ਟੋਲ ਬੈਰੀਅਰ ਨੇੜੇ ਉਸ ਦੀ ਭੈਣ ਅਤੇ ਮੱਖਣ ਸਿੰਘ ਵਿਚਾਲੇ ਵਿਆਹ ਕਰਵਾਉਣ ਬਾਰੇ ਤਕਰਾਰ ਵਧ ਗਿਆ ਸੀ, ਜਿਸ ਤੋਂ ਪ੍ਰੇਸ਼ਾਨ ਹੋ ਕੇ ਉਸ ਦੀ ਭੈਣ ਨੇ ਕੋਈ ਜ਼ਹਿਰੀਲੀ ਚੀਜ਼ ਖਾ ਲਈ। ਬੱਸ ਕੰਡਕਟਰ ਨੇ ਉਸ ਨੂੰ ਬੱਸ ਤੋਂ ਉਤਾਰ ਕੇ ਟੋਲ ਬੈਰੀਅਰ ਦੀ ਐਂਬੂਲੈਂਸ ਵਿੱਚ ਸਿਵਲ ਹਸਪਤਾਲ ਸਮਾਣੇ ਭੇਜ ਦਿੱਤਾ, ਉਸ ਦੀ ਹਾਲਤ ਗੰਭੀਰ ਹੋਣ ਕਾਰਨ ਡਾਕਟਰਾਂ ਨੇ ਪਟਿਆਲੇ ਰੈਫਰ ਕਰ ਦਿੱਤਾ, ਪਰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪੁਲਸ ਨੇ ਮ੍ਰਿਤਕਾ ਦੀ ਭੈਣ ਦੇ ਬਿਆਨਾਂ ਦੇ ਆਧਾਰ ਉੱਤੇ ਮੱਖਣ ਸਿੰਘ ਖਿਲਾਫ ਖੁਦਕੁਸ਼ੀ ਲਈ ਮਜਬੂਰ ਕਰਨ ਤਹਿਤ ਮਾਮਲਾ ਦਰਜ ਕਰ ਦਿੱਤਾ ਹੈ।

## ਕੈਂਟਰ ਦੀ ਟੱਕਰ ਲੱਗਣ 'ਤੇ ਕਾਰ ਰੁੱਖ ਨਾਲ ਵੱਜ ਕੇ ਪੁਲਸ ਮੁਲਾਜ਼ਮ ਸਮੇਤ ਦੋ ਦੀ ਮੌਤ

ਅਬੋਹਰ, 9 ਫਰਵਰੀ (ਪੋਸਟ ਬਿਊਰੋ)- ਡਿਊਟੀ ਕਰਕੇ ਦੋਸਤ ਨਾਲ ਘਰ ਵਾਪਸ ਆ ਰਹੇ ਪੰਜਾਬ ਪੁਲਸ ਦੇ ਮੁਲਾਜ਼ਮ ਦੀ ਕਾਰ ਨੂੰ ਪਿੰਡ ਬੱਲੂਆਣਾ ਦੇ ਨੇੜੇ ਕਿਸੇ ਅਣਪਛਾਤੇ ਕੈਂਟਰ ਚਾਲਕ ਨੇ ਟੱਕਰ ਮਾਰ ਦਿੱਤੀ। ਇਸ ਕਾਰਨ ਉਸ ਦੀ ਕਾਰ ਸੜਕ ਕਿਨਾਰੇ ਰੁੱਖ ਨਾਲ ਜਾ ਵੱਜੀ। ਹਾਦਸੇ ਵਿੱਚ ਕਾਰ ਸਵਾਰ ਦੋਵਾਂ ਦੀ ਮੌਕੇ ਉੱਤੇ ਮੌਤ ਹੋ ਗਈ।

ਪਿੰਡ ਬਕੈਣਵਾਲਾ ਦੇ ਵਾਸੀ ਅਤੇ ਪੰਜਾਬ ਪੁਲਸ ਦਾ ਮੁਲਾਜ਼ਮ ਗਗਨਦੀਪ ਸਿੰਘ (32) ਬਠਿੰਡਾ ਗਿਆ ਸੀ। ਕੱਲ੍ਹ ਸਵੇਰੇ ਚਾਰ ਵਜੇ ਉਹ ਆਪਣੇ ਦੋਸਤ ਪਿੰਡ ਜੰਡਵਾਲਾ ਮੀਰਾ ਸਾਂਗਲਾ ਦੇ ਵਾਸੀ ਜਗਮੀਤ ਸਿੰਘ ਨਾਲ ਬਠਿੰਡੇ ਤੋਂ ਵਾਪਸ ਆਪਣੇ ਪਿੰਡ ਆ ਰਿਹਾ ਸੀ। ਜਦ ਉਹ ਪਿੰਡ ਬੱਲੂਆਣਾ ਨੇੜੇ ਪਹੁੰਚੇ ਤਾਂ ਕੈਂਟਰ ਚਾਲਕ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਜਿਸ ਕਾਰਨ ਉਨ੍ਹਾਂ ਦੀ ਕਾਰ ਬੇਕਾਬੂ ਹੋਕੇ ਰੁੱਖ ਨਾਲ ਜਾ ਟਕਰਾਈ, ਜਿਸ ਕਾਰਨ ਦੋਵਾਂ ਦੀ ਮੌਕੇ ਉੱਤੇ ਹੀ ਮੌਤ ਹੋ ਗਈ।

## ਭੰਗੀ ਮਿਸਲ ਦੀ 200 ਸਾਲ ਪੁਰਾਣੀ ਟਕਸਾਲੀ ਇਮਾਰਤ ਬਾਰੇ ਭੁਲੇਖਾ ਕਾਇਮ

ਅੰਮ੍ਰਿਤਸਰ, 9 ਫਰਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੇ ਕਟੜਾ ਹਰੀ ਸਿੰਘ ਭੰਗੀ ਵਿਖੇ ਟਕਸਾਲ ਚੌਂਕ ਵਿੱਚ ਮੌਜੂਦ ਭੰਗੀ ਮਿਸਲ ਵੱਲੋਂ ਬਣਾਈ ਦੱਸੀ ਜਾਂਦੀ ਲੱਗਭਗ 200 ਸਾਲ ਪੁਰਾਣੀ ਇਮਾਰਤ ਦੀ ਸੱਚਾਈ ਬਾਰੇ ਇਤਿਹਾਸਕਾਰਾਂ ਅਤੇ ਵਿਰਾਸਤ ਪ੍ਰੇਮੀਆਂ ਵਿੱਚ ਲਗਾਤਾਰ ਭੁਲੇਖਾ ਬਣਿਆ ਪਿਆ ਹੈ। ਇਹ ਕਥਿਤ ਟਕਸਾਲ ਇਸ ਇਮਾਰਤ ਦੇ ਮੌਜੂਦਾ ਖੇਤਰ ਵਿੱਚ ਹੋਣ ਬਾਰੇ ਇਤਿਹਾਸ ਵਿੱਚ ਬਹੁਤੀ ਜਾਣਕਾਰੀ ਨਾ ਹੋਣ ਕਰਕੇ ਇਸ ਦੀ ਹੋਂਦ ਬੁਝਾਰਤ ਬਣ ਗਈ ਹੈ। ਇਸ ਦੀ ਪੱਕੀ ਜਾਣਕਾਰੀ ਨਾ ਆਉਣ ਕਰਕੇ ਸੰਭਾਲ ਦੀ ਕਮੀ ਕਾਰਨਇਸ ਇਮਾਰਤ ਦੀ ਹਾਲਤ ਵੀ ਖਸਤਾ ਹੈ।

ਪੰਜਾਬ ਸਰਕਾਰ ਵੱਲੋਂ ਵਿਰਾਸਤੀ ਇਮਾਰਤਾਂ ਦੀ ਨਵਉਸਾਰੀ ਲਈ ਬਣਾਏ ਹੈਰੀਟੇਜ ਐਂਡ ਪਰਮੋਸ਼ਨ ਬੋਰਡ ਨੇ ਸਮਾਜਿਕ ਨਵ-ਨਿਰਮਾਣ ਲਈ ਇਸ ਦੇ ਮੌਜੂਦਾ ਮਾਲਕਾਂ ਤੋਂ ਮਨਜ਼ੂਰੀ ਨਾ ਮਿਲਣ ਉੱਤੇ ਉਸ ਚੌਕ ਵਿੱਚ ਲੱਖਾਂ ਰੁਪਏ ਦੀ ਲਾਗਤ ਨਾਲ ਨਾਜਾਇਜ਼ ਉਸਾਰੀਆਂ ਅਤੇ ਬਿਜਲੀ ਦੀਆਂ ਤਾਰਾਂ ਦੇ ਝੁੰਡ, ਖੰਬੇ, ਟਿਊਬਵੈੱਲ ਆਦਿ ਨੂੰ ਹਟਾ ਕੇ ਚੌਂਕ ਵਿੱਚ ਚੀਨੀ ਰੰਗਦਾਰ ਟਾਈਲਾਂ ਲਾ ਕੇ ਚੌਕ ਨੂੰ ਖੁੱਲ੍ਹਾ ਅਤੇ ਖੂਬਸੂਰਤ ਬਣਾ ਦਿੱਤਾ ਹੈ। ਇਤਿਹਾਸ ਦੇ ਜਾਣਕਾਰਾਂ ਅਨੁਸਾਰ ਭੰਗੀ ਮਿਸਲ ਦੇ ਸ਼ਾਸਨ ਸਮੇਂ ਇਸ ਸ਼ਹਿਰ ਦੇ ਚੌਕ ਚੁਰਸਤੀ ਅਟਾਰੀ ਨੇੜੇ ਹਰੀ ਸਿੰਘ ਭੰਗੀ ਵੱਲੋਂ ਉਸਾਰੇ ਕਟੜਾ ਹਰੀ ਸਿੰਘ ਭੰਗੀ ਵਿੱਚ ਸਿੱਕੇ ਢਾਲਣ ਲਈ ਇੱਕ ਟਕਸਾਲ ਲਾਈ ਗਈ ਸੀ। ਪੁਰਾਤਨ ਸਿੱਕਿਆਂ ਦੇ ਜਾਣਕਾਰਾਂ ਮੁਤਾਬਕ ਸ਼ਹਿਰ ਦੀ ਭੰਗੀ ਮਿਸਲ ਵਾਲੀ ਟਕਸਾਲ ਵਿੱਚ ਸੰਨ 1775 ਵਿੱਚ ਜੋ ਸਿੱਕੇ ਢਲਵਾਏ ਗਏ, ਉਨ੍ਹਾਂ ਉੱਤੇ ਇੱਕ ਪਾਸੇ 'ਸਿੱਕਾ ਜਦ ਬਰ ਹਰ ਦੋ ਆਲਮ ਫ਼ਜ਼ਲ ਸੱਚਾ ਸਾਹਿਬ ਤੇਗ਼ ਫ਼ਤਿਹ ਗੋਬਿੰਦ ਸਿੰਘ ਸ਼ਾਹ ਨਾਨਕ ਵਹਾਬ ਅਸਤਿ' ਅਤੇ ਦੂਜੇ ਪਾਸੇ 'ਜ਼ਰਬ ਸ੍ਰੀ ਅੰਮ੍ਰਿਤਸਰ ਜਲੂਸ, ਤਖ਼ਤ ਅਕਾਲ ਅੰਮ੍ਰਿਤਸਰ ਜਲੂਸ, ਤਖ਼ਤ ਅਕਾਲ ਬਖ਼ਤ ਸੰਮਤ 1832' ਇਬਾਰਤ ਦਰਜ ਸੀ। ਇਸੇ ਟਕਸਾਲ ਤੋਂ ਜਾਰੀ ਕੁਝ ਹੋਰ ਸਿੱਕਿਆਂਦੇ ਇੱਕ ਪਾਸੇ 'ਅਕਾਲ ਸਹਾਇ ਗੁਰੂ ਨਾਨਕ ਜੀ' ਅਤੇ ਦੂਜੇ ਪਾਸੇ 'ਸਿੱਕਾ ਜਦ ਬਰ ਸਿਮ ਓ ਜ਼ਰ ਤੇਗ਼ ਨਾਨਕ ਵਹਾਬ ਅਸਤਿ ਫ਼ਤਿਹ-ਏ-ਗੋਬਿੰਦ ਸ਼ਾਹ-ਏ-ਸ਼ਾਹਾਨ ਫ਼ਜ਼ਲ ਸੱਚਾ ਸਾਹਿਬ ਅਸਤਿ' ਇਬਾਰਤ ਦਰਜ ਸੀ। ਡਿਸਟ੍ਰਿਕਟ ਗਜ਼ਟੀਅਰ ਅੰਮ੍ਰਿਤਸਰ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਵੇਲੇ ਹਰ ਸਾਲ ਦੇ ਨਵੇਂ ਸਿੱਕੇ ਅੰਮ੍ਰਿਤਸਰ ਅਤੇ ਲਾਹੌਰ ਟਕਸਾਲ ਵਿੱਚ ਢਾਲੇ ਜਾਂਦੇ ਸਨ ਤੇ ਕਿਲ੍ਹਾ ਗੋਬਿੰਦਗੜ੍ਹ ਦੀ ਟਕਸਾਲ ਸ਼ੁਰੂ ਹੋਣ ਤੋਂ ਪਹਿਲਾਂ ਸਿੱਖ ਰਾਜ ਦੇ ਸਿੱਕੇ ਭੰਗੀਆਂ ਦੀ ਟਕਸਾਲ ਤੋਂ ਢਾਲੇ ਜਾਂਦੇ ਸਨ। ਇਤਿਹਾਸ ਤੇ ਵਿਰਾਸਤ ਪ੍ਰੇਮੀਆਂ ਨੇ ਸੂਬੇ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਨਾਲ ਸਬੰਧਤ ਇਤਿਹਾਸ ਦੇ ਮਾਹਿਰਾਂ ਪਾਸੋਂ ਉਕਤ ਟਕਸਾਲ ਦੀ ਇਮਾਰਤ ਦੀ ਅਸਲ ਸਚਾਈ ਸਾਹਮਣੇ ਲਿਆਉਣ ਦੀ ਮੰਗ ਕੀਤੀ ਗਈ ਹੈ ਤਾਂ ਕਿ ਉਸ ਦੇ ਰੱਖ-ਰਖਾਅ ਲਈ ਬਣਦੀ ਕਾਰਵਾਈ ਕੀਤੀ ਜਾਵੇ।

## ਗੱਡੀ ਖਰੀਦਣ ਜਾਂਦੇ ਤਿੰਨ ਭਰਾਵਾਂ 'ਤੇ ਹਮਲਾ ਕਰ ਕੇ 1.5 ਲੱਖ ਲੁੱਟੇ

ਬਰੇਟਾ (ਬਠਿੰਡਾ), 9 ਫਰਵਰੀ (ਪੋਸਟ ਬਿਊਰੋ)- ਹਰਿਆਣੇ ਦੇ ਟੋਹਾਣਾ ਤੋਂ ਪੰਜਾਬ ਦੇ ਗਿੱਦੜਬਾਹਾ ਵਿੱਚ ਇੱਕ ਗੱਡੀ ਖਰੀਦਣ ਜਾ ਰਹੇ ਕਾਰ ਸਵਾਰ ਤਿੰਨ ਭਰਾਵਾਂ ਤੋਂ ਕੁਝ ਅਣਪਛਾਤੇ ਨੇ ਹਮਲਾ ਕਰ ਕੇ ਉਨ੍ਹਾਂ ਤੋਂ ਡੇਢ ਲੱਖ ਰੁਪਏ ਖੋਹ ਲਏ। ਇਹ ਘਟਨਾ ਕੱਲ੍ਹ ਸਵੇਰੇ ਨੌਂ ਵਜੇ ਦੀ ਹੈ। ਸਬ ਡਵੀਜ਼ਨ ਬੁਢਲਾਡਾ ਦੇ ਪੁਲਸ ਅਧਿਕਾਰੀਆਂ ਨੇ ਮੌਕੇ ਉੱਤੇ ਪਹੁੰਚ ਕੇ ਘਟਨਾ ਸਥਾਨ ਦੇ ਨੇੜੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਫੋਲਣੀ ਸ਼ੁਰੂ ਕਰ ਦਿੱਤੀ ਹੈ।



ਥਾਣਾ ਬਰੇਟਾ ਦੇ ਇੰਚਾਰਜ ਜਸਵੰਤ ਸਿੰਘ ਨੇ ਦੱਸਿਆ ਕਿ ਹਰਿਆਣਾ ਦੇ ਟੋਹਾਣਾ ਦੇ ਤਿੰਨ ਭਰਾ ਵਜੀਰ ਖਾਨ, ਅਮੀਨ ਖਾਨ ਅਤੇ ਅਕਬਰ ਖਾਨ ਗੱਡੀਆਂ ਦੀ ਖਰੀਦ ਵੇਚ ਦਾ ਕੰਮ ਕਰਦੇ ਹਨ। ਕੱਲ੍ਹ ਸਵੇਰੇ ਉਹ ਗਿੱਦੜਬਾਹਾ ਤੋਂ ਗੱਡੀ ਖਰੀਦਣ ਚੱਲੇ ਸਨ ਕਿ ਨੌਂ ਵਜੇ ਦੇ ਕਰੀਬ ਸ਼ਹਿਰ ਦੀ ਗੈਸ ਏਜੰਸੀ ਨੇੜੇ 10-12 ਕਾਰ ਸਵਾਰ ਅਣਪਛਾਤੇ ਲੋਕਾਂ ਨੇ ਉਨ੍ਹਾਂ ਦੀ ਗੱਡੀ ਨੂੰ ਰੁਕਵਾਉਣ ਪਿੱਛੋਂ ਉਨ੍ਹਾਂ ਉੱਤੇ ਹਮਲਾ ਕਰ ਕੇ ਉਨ੍ਹਾਂ ਕੋਲੋਂ ਡੇਢ ਲੱਖ ਰੁਪਏ ਦੀ ਨਕਦੀ ਲੁੱਟ ਲਈ ਤੇ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਇਸ ਘਟਨਾ ਵਿੱਚ ਜ਼ਖਮੀ ਇਨ੍ਹਾਂ ਵਿਅਕਤੀਆਂ ਨੂੰ ਸਰਕਾਰੀ ਹਸਪਤਾਲ ਬਰੇਟਾ ਵਿੱਚ ਦਾਖਲ ਕਰਾਇਆ ਗਿਆ ਹੈ, ਜਿੱਥੋਂ ਡਾਕਟਰਾਂ ਨੇ ਉਨ੍ਹਾਂ ਨੂੰ ਮਾਨਸਾ ਦੇ ਸਿਵਲ ਹਸਪਤਾਲ ਲਈ ਰੈਫਰ ਕਰ ਦਿੱਤਾ ਹੈ।

# ਪਾਣੀ ਨਾਲ ਭਰੇ ਖੱਡੇ ਵਿੱਚ ਡਿੱਗਣ ਕਾਰਨ ਛੇ ਸਾਲਾ ਬੱਚੀ ਦੀ ਮੌਤ

ਅਬੋਹਰ, 9 ਫਰਵਰੀ (ਪੋਸਟ ਬਿਊਰੋ)- ਪਾਣੀ ਕੱਢਣ ਲਈ ਪੁੱਟੇ ਗਏ ਪਾਣੀ ਨਾਲ ਭਰੇ ਖੱਡੇ ਵਿੱਚ ਡਿੱਗਣ ਕਾਰਨ ਇੱਕ ਛੇ ਸਾਲਾ ਬੱਚੀ ਦੀ ਮੌਤ ਹੋ ਗਈ। ਇਹ ਘਟਨਾ ਕੱਲ੍ਹ ਦੇਰ ਸ਼ਾਮ ਦੀ ਹੈ।

ਆਰੀਆ ਨਗਰ ਗਲੀ ਨੰਬਰ ਅੱਠ ਦੇ ਵਾਸੀ ਰਿੰਕੂ ਕੁਮਾਰ ਦੀ ਛੇ ਸਾਲਾ ਬੇਟੀ ਰਿੰਕਲ ਆਪਣੀਆਂ ਕੁਝ ਸਹੇਲੀਆਂ ਦੇ ਨਾਲ ਆਰੀਆ ਨਗਰ ਦੇ ਨਾਲ ਰੇਲਵੇ ਕੰਪਲੈਕਸ ਵਿੱਚ ਖੇਡ ਰਹੀ ਸੀ। ਉਥੇ ਪਾਣੀ ਕੱਢਣ ਲਈ ਪੁੱਟਿਆ ਗਿਆ ਅੱਠ ਫੁੱਟ ਦਾ ਖੱਡਾ ਗੰਦੇ ਪਾਣੀ ਨਾਲ ਭਰਿਆ ਹੋਇਆ ਸੀ। ਇਸ ਦੌਰਾਨ ਖੇਡਦੇ-ਖੇਡਦੇ ਰਿੰਕਲ ਉਸ ਖੱਡੇ ਵਿੱਚ ਜਾ ਡਿੱਗੀ। ਉਸ ਨਾਲ ਖੇਡਦੇ ਬੱਚਿਆਂ ਨੇ ਰਿੰਕਲ ਦੇ ਘਰ ਦੱਸਿਆ ਤਾਂ ਰਿੰਕਲ ਦੇ ਮਾਤਾ-ਪਿਤਾ ਅਤੇ ਉਸ ਦਾ ਚਾਚਾ ਰਾਜੇਸ਼ ਅਤੇ ਮੁਹੱਲੇ ਦੇ ਲੋਕ ਉਥੇ ਗਏ ਅਤੇ ਬੱਚੀ ਨੂੰ ਬਾਹਰ ਕੱਢ ਕੇ ਸਰਕਾਰੀ ਹਸਪਤਾਲ ਵਿੱਚ ਲੈ ਕੇ ਗਏ, ਪਰ ਤਦ ਤੱਕ ਦੇਰ ਹੋ ਚੁੱਕੀ ਸੀ। ਡਾਕਟਰਾਂ ਨੇ ਰਿੰਕਲ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਇਸ ਦੇ ਬਾਅਦ ਇਕੱਠੇ ਹੋ ਕੇ ਮੁਹੱਲੇ ਦੇ ਲੋਕਾਂ ਨੇ ਰੋਸ ਪ੍ਰਗਟਾਇਆ ਤਾਂ ਵਾਰਡ ਵਿੱਚ ਚੋਣ ਲੜ ਰਹੇ ਇੱਕ ਪਾਰਟੀ ਦੇ ਨੇਤਾ ਉਥੇ ਪਹੁੰਚੇ।



# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਖਜ਼ਾਨਾ ਖਾਲੀ

### * ਫੰਡ ਲਈ ਤਨਖਾਹਾਂ 'ਚੋਂ ਕੱਟੇ ਕਰੋੜਾਂ ਰੁਪਏ ਅੱਗੇ ਜਮ੍ਹਾ ਨਹੀਂ ਕਰਵਾਏ

ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ)- ਕਰੀਬ 300 ਕਰੋੜ ਰੁਪਏ ਸਾਲਾਨਾ ਬਜਟ ਵਾਲੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹਾਲਤ ਇਸ ਸਮੇ ਖਸਤਾ ਹੋ ਗਈ ਹੈ। ਇਸ ਦਾ ਖਜ਼ਾਨਾ ਪੂਰੀ ਤਰ੍ਹਾਂ ਖਾਲੀ ਹੋਣ ਦੇ ਕਾਰਨਬੀਤੇ ਛੇ ਮਹੀਨੇ ਤੋਂ ਮੁਲਾਜ਼ਮਾਂ ਦਾ ਪੀ ਐਫ (ਪ੍ਰਾਵੀਡੈਂਟ ਫੰਡ) ਦਾ ਪੈਸਾ ਵੀ ਨਹੀਂ ਜਮ੍ਹਾ ਹੋ ਸਕਿਆ। ਹਾਲਾਤ ਇਹ ਹੈ ਕਿ ਜੁਲਾਈ 2020 ਤੋਂ ਅੱਧੀ ਰਕਮ ਪੀ ਐਫ ਦੇ ਬਦਲੇ ਜਮ੍ਹਾ ਹੋਈ ਹੈ, ਉਸ ਤੋਂ ਬਾਅਦ ਇੱਕ ਰੁਪਇਆ ਵੀ ਜਮ੍ਹਾ ਨਹੀਂ ਕਰਾਇਆ ਗਿਆ। ਇਸ ਬਾਰੇ ਪੀ ਐਫ ਵਿਭਾਗ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਸ ਦਿਨ ਦਾ ਸਮਾਂ ਦੇ ਕੇ ਚਿਤਾਵਨੀ ਦਿੱਤੀ ਹੈ ਕਿ ਜੇ ਫੌਰਨ ਮੁਲਾਜ਼ਮਾਂ ਦੇ ਪੀ ਐਫ ਦਾ ਭੁਗਤਾਨ ਨਾ ਕੀਤਾ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਵਰਨਣ ਯੋਗ ਹੈ ਕਿ ਦਿੱਲੀ ਗੁਰਦੁ-ਆਰਾ ਕਮੇਟੀ 'ਚ 1700 ਦੇ ਕਰੀਬ ਮੁਲਾਜ਼ਮ ਹਨ ਅਤੇ ਇਨ੍ਹਾਂ ਦਾ ਪੀ ਐਫ ਹਰ ਮਹੀਨੇ ਤਕਰੀਬਨ 62 ਲੱਖ ਰੁਪਏ ਜਾਂਦਾ ਹੈ। ਇਸ ਹਿਸਾਬ ਨਾਲ ਛੇ ਮਹੀਨੇ ਦਾ ਪੀ ਐਫ ਸਾਢੇ ਚਾਰ ਕਰੋੜ ਰੁਪਏ ਤੋਂ ਵੱਧ ਬਣਦਾ ਹੈ।ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਸਾਬਕਾ ਜਨਰਲ ਸੈਕਟਰੀ ਗੁਰਮੀਤ ਸਿੰਘ ਸ਼ੰਟੀ ਨੇ ਦਾਅਵਾ ਕੀਤਾ ਹੈ ਕਿ ਪਿਛਲੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਰਿਟਾਇਰ ਹੋਏ 40 ਤੋਂ ਵੱਧ ਮੁਲਾਜ਼ਮਾਂ ਨੂੰ ਹਾਲੇ ਉਨ੍ਹਾਂ ਦਾ ਬਣਦਾ ਹੱਕ ਗਰੈਚੂਟੀ ਵੀ ਕਮੇਟੀ ਪ੍ਰਬੰਧਕਾਂ ਤੋਂ ਨਹੀਂ ਮਿਲੀ। ਇਸ ਤੋਂ ਇਲਾਵਾ ਕੁਝ ਮੁਲਾਜ਼ਮ ਜਨਵਰੀ-ਫਰਵਰੀ 2020 'ਚ ਅਤੇ ਕੁਝ ਮੁਲਾਜ਼ਮ ਉਸਦੇ ਅੱਗੇ ਪਿੱਛੇ ਰਿਟਾਇਰ ਹੋਏ ਸਨ। ਉਹ ਸਾਰੇ ਆਪਣੀ ਗਰੈਚੂਟੀ ਦੀ ਰਕਮ ਲਈ ਰੋਜ਼ ਧੱਕੇ ਖਾ ਰਹੇ ਹਨ, ਪ੍ਰੰਤੂ ਸੁਣਵਾਈ ਨਹੀਂ ਹੋ ਰਹੀ।ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਨੌਕਰੀ ਦੌਰਾਨ ਜੇਕਰ ਕਿਸੇ ਕਾਰਨ ਮੁਲਾਜ਼ਮ ਦੀ ਮੌਤ ਹੁੰਦੀ ਹੈ ਤਾਂ ਉਸ ਦੇ ਪਰਵਾਰ 'ਚੋਂ ਕਿਸੇ ਇੱਕ ਨੂੰ ਨੌਕਰੀ ਜਾਂ ਪੈਸਾ (ਦੋਵਾਂ 'ਚੋਂ ਇੱਕ) ਦੇਣ ਦਾ ਪ੍ਰਬੰਧ ਹੈ, ਪ੍ਰੰਤੂ ਇੱਥੇ ਕਈ ਮ੍ਰਿਤਕ ਮੁਲਾਜ਼ਮਾਂ ਦੇ ਪਰਵਾਰਕ ਮੈਂਬਰਾਂ ਨੂੰ ਨਿਯਮ ਦੇ ਮੁਤਾਬਕ ਕੁਝ ਵੀ ਨਹੀਂ ਮਿਲਿਆ।

# ਖਾਲਿਸਤਾਨੀ ਖਾੜਕੂ ਜੱਗਾ ਲਖਨਊ ਵਿੱਚੋਂ ਗ੍ਰਿਫ਼ਤਾਰ



ਲਖਨਊ, 9 ਫਰਵਰੀ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਦੇ ਵਿਕਾਸ ਨਗਰ ਇਲਾਕੇ ਵਿੱਚੋਂ ਕੱਲ੍ਹ ਪੁਲਸ ਨੇ ਇੱਕ ਖਾਲਿਸਤਾਨੀ ਖਾੜਕੂ ਜਗਦੇਵ ਸਿੰਘ ਉਰਫ ਜੱਗਾ ਨੂੰ ਗ੍ਰਿਫ਼ਤਾਰ ਕੀਤਾ ਹੈ।

ਪਤਾ ਲੱਗਾ ਹੈ ਕਿ ਜੱਗਾ ਖਾਲਿਸਤਾਨੀ ਆਗੂ ਪਰਮਜੀਤ ਸਿੰਘ ਉਰਫ ਪੰਮਾਂ ਅਤੇ ਮਲਤਾਨੀ ਸਿੰਘ ਦਾ ਸਾਥੀ ਹੈ। ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਪੰਜਾਬ ਪੁਲਸ ਦੇ ਵਿਸ਼ੇਸ਼ ਦਸਤੇ, ਲਖਨਊ ਸਰਵਿਲਾਂਸ ਟੀਮ ਤੇ ਵਿਕਾਸ ਨਗਰ ਪੁਲਸ ਨੇ ਸਾਂਝੀ ਕਾਰਵਾਈ ਕਰਦਿਆਂ ਪੰਜਾਬ ਤੋਂ ਲਖੀਮਪੁਰ ਦੇ ਰਸਤੇ ਲਖਨਊ ਆ ਰਹੇ ਜਗਦੇਵ ਸਿੰਘ ਜੱਗਾ ਨੂੰ ਸਕੱਤਰੇਤ ਚੌਕ ਸੈਕਟਰ ਸੀ, ਜਾਨਕੀਪੁਰ ਤੋਂ ਕੱਲ੍ਹ ਬਾਅਦ ਦੁਪਹਿਰ ਗ੍ਰਿਫ਼ਤਾਰ ਕਰ ਲਿਆ।ਉਨ੍ਹਾਂ ਦੱਸਿਆ ਕਿ ਉਹ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਫ਼ਤਿਹਗੜ੍ਹ ਸਭਰਾ ਦਾ ਵਸਨੀਕ ਹੈ ਅਤੇ 2019 ਤੇ 2020 ਵਿੱਚ ਪੰਜਾਬ ਦੀਆਂ ਜੇਲ੍ਹਾਂ ਵਿੱਚ ਰਹਿ ਚੁੱਕਾ ਹੈ। ਉਸ ਵਿਰੁੱਧ ਪੰਜਾਬ ਵਿੱਚ ਕਈ ਕੇਸ ਦਰਜ ਹਨ। ਅੰਮ੍ਰਿਤਸਰ ਦੀ ਇੱਕ ਅਦਾਲਤ ਨੇ ਜਗਦੇਵ ਸਿੰਘ ਦੇ ਵਿਰੁੱਧ ਕੱਲ੍ਹ ਵਾਰੰਟ ਜਾਰੀ ਕੀਤਾ ਸੀ। ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਪਰਮਜੀਤ ਉਰਫ ਪੰਮਾ ਇੰਗਲੈਂਡ ਵਿੱਚ ਤੇ ਮਲਤਾਨੀ ਸਿੰਘ ਜਰਮਨ ਵਿੱਚ ਰਹਿ ਕੇ ਭਾਰਤ ਵਿਰੋਧੀ ਸਰਗਰਮੀਆਂ ਨੂੰ ਹੱਲਾਸ਼ੇਰੀ ਦਿੰਦੇ ਹਨ। ਪੁਲਸ ਮੁਤਾਬਕ ਵਿਦੇਸ਼ਾਂ ਵਿੱਚ ਰਹਿ ਕੇ ਉਪਰੋਕਤ ਲੋਕਾਂ ਨੇ ਜਗਦੇਵ ਸਿੰਘ ਉਰਫ ਜੱਗਾ ਤੇ ਜਗਰੂਪ ਸਿੰਘ ਨੂੰ ਵੱਡੀਆਂ ਦੇਸ਼ ਵਿਰੋਧੀ ਸਰਗਰਮੀਆਂ ਕਰਨ ਲਈ ਤਿਆਰ ਕੀਤਾ ਅਤੇ ਜੱਗਾ ਤੇ ਜਗਰੂਪ ਨੇ ਹਥਿਆਰ ਆਦਿ ਖਰੀਦਣ ਲਈ ਪੈਸੇ ਵੀ ਦਿੱਤੇ ਸਨ।

## ਚੀਨ ਵੱਲੋਂ ਆਸਟਰੇਲੀਆ ਦੀ ਪੱਤਰਕਾਰ ਗ੍ਰਿਫਤਾਰ

ਕੈਨਬਰਾ, 9 ਫਰਵਰੀ (ਪੋਸਟ ਬਿਊਰੋ)- ਆਸਟਰੇਲੀਆ ਦੀ ਮਹਿਲਾ ਪੱਤਰਕਾਰ ਚੇਂਗ ਲੀ ਨੂੰ ਛੇ ਮਹੀਨੇ ਤੱਕ ਨਜ਼ਰਬੰਦ ਰੱਖਣ ਪਿੱਛੋਂ ਚੀਨ ਨੇ ਰਸਮੀ ਤੌਰ 'ਤੇ ਗ੍ਰਿਫਤਾਰ ਕਰ ਲਿਆ ਹੈ। ਉਸ 'ਤੇ ਦੇਸ਼ ਦੀਆਂ ਗੁਪਤ ਸੂਚਨਾਵਾਂ ਨੂੰ ਵਿਦੇਸ਼ਾਂ ਵਿੱਚ ਲੀਕ ਕਰਨ ਦਾ ਦੋਸ਼ ਹੈ। ਆਸਟਰੇਲੀਆ ਦੇ ਵਿਦੇਸ਼ ਮੰਤਰੀ ਨੇ ਕੱਲ੍ਹ ਇਸ ਦੀ ਪੁਸ਼ਟੀ ਕੀਤੀ ਹੈ।

ਚੇਂਗ ਲੀ ਚਾਈਨਾ ਸੈਂਟਰਲ ਟੈਲੀਵਿਜ਼ਨ ਦੇ ਅੰਗਰੇਜ਼ੀ ਨਿਊਜ਼ ਚੈਨਲ ਸੀ ਜੀ ਟੀ ਐਨ ਵਿੱਚ ਐਂਕਰ ਸੀ। ਉਸ ਨੂੰ ਗ੍ਰਿਫਤਾਰ ਕਰਨ ਦੀ ਜਾਣਕਾਰੀ ਓਦੋਂ ਦਿੱਤੀ ਗਈ ਜਦੋਂ ਪਰਵਾਰ ਨੇ ਉਸ ਦੇ ਦੋ ਬੱਚਿਆਂ ਨੂੰ ਚੇਂਗ ਨੂੰ ਮਿਲਣ ਦੇਣ ਦੀ ਬੇਨਤੀ ਕੀਤੀ। ਵਰਨਣ ਯੋਗ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਓਦੋਂ ਸਿਖਰ 'ਤੇ ਪੁੱਜ ਗਿਆ ਸੀ ਜਦੋਂ ਆਸਟਰੇਲੀਆ ਨੇ ਕੋਰੋਨਾ ਵਾਇਰਸ ਦੇ ਸਰੋਤ ਦੀ ਜਾਂਚ ਲਈ ਸੰਸਾਰ ਪੱਧਰ ਦੀ ਜਾਂਚ ਕਰਨ ਦੀ ਮੰਗ ਉਠਾਈ ਸੀ। ਆਸਟਰੇਲੀਆਈ ਅਧਿਕਾਰੀਆਂ ਨੇ ਦੱਸਿਆ ਕਿ ਚੇਂਗ ਨੂੰ ਅਗਸਤ ਵਿੱਚ ਹਿਰਾਸਤ ਵਿੱਚ ਲਿਆ ਗਿਆ ਤੇ ਪਿਛਲੇ ਸ਼ੁੱਕਰਵਾਰ ਨੂੰ ਉਸ 'ਤੇ ਜਾਸੂਸੀ ਦਾ ਦੋਸ਼ ਲਾ ਕੇ ਗ੍ਰਿਫਤਾਰ ਕਰ ਲਿਆ ਗਿਆ। ਆਸਟਰੇਲੀਆ ਦੇ ਵਿਦੇਸ਼ ਮੰਤਰੀ ਮਾਰਿਸ ਪਾਇਨੇ ਨੇ ਕਿਹਾ ਕਿ ਸਰਕਾਰ ਨੇ ਲਗਾਤਾਰ ਚੇਂਗ ਦੀ ਹਿਰਾਸਤ ਬਾਰੇ ਚੀਨ ਕੋਲ ਆਪਣੀ ਨਾਰਾਜ਼ਗੀ ਤੇ ਚਿੰਤਾ ਜ਼ਾਹਰ ਕੀਤੀ ਹੈ। ਅਸੀਂ ਅੰਤਰਰਾਸ਼ਟਰੀ ਪ੍ਰਬੰਧਾਂ ਅਨੁਸਾਰ ਬੀਜਿੰਗ ਤੋਂ ਚੇਂਗ ਲਈ ਨਿਆਂ, ਪ੍ਰੈਕਟੀਕਲ ਨਿਰਪੱਖਤਾ ਅਤੇ ਮਨੁੱਖੀ ਅਧਿਕਾਰ ਦੇ ਆਧਾਰ 'ਤੇ ਕਾਰਵਾਈ ਕਰਨ ਦੀ ਉਮੀਦ ਕਰਦੇ ਹਾਂ।

ਓਧਰ ਚੀਨ ਦੇ ਵਿਦੇਸ਼ ਮੰਤਰਾਲੇ ਨੇ ਚੇਂਗ ਦੀ ਗ੍ਰਿਫਤਾਰੀ ਦੀ ਪੁਸ਼ਟੀ ਕਰਦੇ ਹੋਏ ਕਾਨੂੰਨੀ ਅਧਿਕਾਰਾਂ ਦੀ ਪੂਰੀ ਗਾਰੰਟੀ ਦਿੱਤੀ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਾਂਗ ਵੇਨਬਿਨ ਨੇ ਰੋਜ਼ਾਨਾ ਬ੍ਰੀਫਿੰਗ ਦੌਰਾਨ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਆਸਟਰੇਲੀਆ ਨਾ ਕੇਵਲ ਚੀਨ ਦੀ ਨਿਆਂਇਕ ਪ੍ਰਭੂਸੱਤਾ ਦਾ ਸਨਮਾਨ ਕਰੇਗਾ ਸਗੋਂ ਉਸ ਵਿੱਚ ਦਖਲ ਦੇਣ ਤੋਂ ਵੀ ਪ੍ਰਹੇਜ਼ ਕਰੇਗਾ।

## ਬੰਗਾਲ ਦੇ ਢਾਈ ਲੱਖ ਕਿਸਾਨਾਂ ਦੇ ਨਾਂਅ ਕੇਂਦਰ ਨੂੰ ਦਿੱਤੇ, ਪਰ ਪੈਸਾ ਨਹੀਂ ਮਿਲਿਆ: ਮਮਤਾ



ਕੋਲਕਾਤਾ, 9 ਫਰਵਰੀ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਪਲਟਵਾਰ ਕਰਦੇ ਹੋਏ ਨਰਿੰਦਰ ਮੋਦੀ ਨੇ ਕੱਲ੍ਹ ਇਥੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਕਿਸਾਨ 'ਸਨਮਾਨ ਨਿਧੀ ਯੋਜਨਾ' ਦੇ ਤਹਿਤ ਢਾਈ ਲੱਖ ਕਿਸਾਨਾਂ ਦੇ ਨਾਵਾਂ ਦੀ ਸੂਚੀ ਕੇਂਦਰ ਨੂੰ ਸੌਂਪੀ ਸੀ, ਪਰ ਮੋਦੀ ਸਰਕਾਰ ਨੇ ਅਜੇ ਤੱਕ ਇਨ੍ਹਾਂ ਲਾਭ ਪਾਤਰੀਆ ਨੂੰ ਨਕਦ ਰਾਸ਼ੀ ਨਹੀਂ ਦਿੱਤੀ। ਕਿਉਂ?

ਵਿਧਾਨ ਸਭਾ ਵਿੱਚ ਅੰਤ੍ਰਿਮ ਬਜਟ 'ਤੇ ਚਰਚਾ ਦੌਰਾਨ ਚੁੱਕੇ ਗਏ ਪ੍ਰਸ਼ਨਾਂ ਦਾ ਮਮਤਾ ਬੈਨਰਜੀ ਜਵਾਬ ਦੇ ਰਹੀ ਸੀ। ਉਨ੍ਹਾਂ ਦੱਸਿਆ ਕਿ ਬੰਗਾਲ ਸਰਕਾਰ ਨੂੰ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਦੇ ਲਈ ਕੇਂਦਰ ਤੋਂ ਛੇ ਲੱਖ ਬਿਨੈਕਾਰਾਂ ਦੀ ਸੂਚੀ ਮਿਲੀ ਸੀ। ਇਨ੍ਹਾਂ ਵਿੱਚੋਂ ਢਾਈ ਲੱਖ ਨਾਵਾਂ ਦੀ ਤਸਦੀਕ ਕਰਨ ਦੇ ਬਾਅਦ ਰਾਜ ਨੇ ਵਾਪਸ ਕੇਂਦਰ ਨੂੰ ਭੇਜਿਆ, ਪਰ ਹਾਲੇ ਤੱਕ ਕੇਂਦਰ ਤੋਂ ਕੋਈ ਕਾਰਵਾਈ ਨਹੀਂ ਹੋਈ।

ਵਰਨਣ ਯੋਗ ਹੈ ਕਿ ਇੱਕ ਦਿਨ ਪਹਿਲਾਂ ਮੋਦੀ ਨੇ ਮਮਤਾ ਸਰਕਾਰ ਉੱਤੇ ਇਸ ਰਾਜ ਦੇ ਕਿਸਾਨਾਂ ਤੱਕ ਕੇਂਦਰ ਦੀ ਸਨਮਾਨ ਨਿਧੀ ਯੋਜਨਾ ਦਾ ਲਾਭ ਨਾ ਪਹੁੰਚਾਉਣ ਦਾ ਦੋਸ਼ ਲਾਇਆ ਸੀ। ਉਨ੍ਹਾਂ ਨੇ ਰਾਜ ਦੇ ਕਿਸਾਨਾਂ ਨੂੰ ਵਾਅਦਾ ਕੀਤਾ ਸੀ ਕਿ ਭਾਜਪਾ ਸਰਕਾਰ ਬਣਨ 'ਤੇ ਤੁਰੰਤ ਸਾਰਿਆਂ ਨੂੰ ਇਸ ਯੋਜਨਾ ਦਾ ਲਾਭ ਮਿਲੇਗਾ। ਪ੍ਰਧਾਨ ਮੰਤਰੀ ਬੰਗਾਲ ਦੇ ਹਲਦੀਆ ਵਿੱਚ ਇੱਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਆਏ ਸਨ।

## ਹਰਿਆਣਾ ਦੇ ਮੰਤਰੀ ਵਿਜ ਦੇ ਭਰਾ ਦੀ ਸ਼ਿਕਾਇਤ ਉੱਤੇ ਡੀ ਆਈ ਜੀ ਵਿਰੁੱਧ ਕੇਸ ਦਰਜ



ਹਰਿਆਣਾ, 9 ਫਰਵਰੀ (ਪੋਸਟ ਬਿਊਰੋ)- ਹਰਿਆਣਾ ਪੁਲਸ ਨੇ ਏਥੋਂ ਦੇ ਗ੍ਰਹਿ ਮੰਤਰੀ ਅਨਿਲ ਵਿਜ ਦੇ ਭਰਾ ਕਪਿਲ ਵਿਜ ਦੀ ਸ਼ਿਕਾਇਤ ਉੱਤੇ ਡੀ ਆਈ ਜੀ (ਵਿਜੀਲੈਂਸ) ਅਸ਼ੋਕ ਕੁਮਾਰ ਵਿਰੁੱਧ ਹਮਲਾ ਕਰਨ, ਧਮਕੀ ਦੇਣ ਤੇ ਅਸ਼ਲੀਲ ਹਰਕਤਾਂ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ।

ਪੁਲਸ ਨੇ ਦੱਸਿਆ ਕਿ ਕਪਿਲ ਵਿਜ ਕੱਲ੍ਹ ਦੁਪਹਿਰ ਆਪਣੇ ਦੋਸਤ ਦੇ ਪੋਤੇ ਦੀ ਜਨਮ ਦਿਨ ਪਾਰਟੀ ਵਿੱਚ ਸ਼ਾਮਲ ਹੋਣ ਲਈ ਅੰਬਾਲਾ ਛਾਉਣੀ ਦੇ ਸਰਹੰਦ ਕਲੱਬ ਗਏ ਸਨ, ਜਿੱਥੇ ਡੀ ਆਈ ਜੀ ਮੌਜੂਦ ਸੀ। ਪੁਲਸ ਸੂਤਰਾਂ ਮੁਤਾਬਕ ਇਸ ਦੌਰਾਨ ਕਪਿਲ ਵਿਜ ਅਤੇ ਡੀ ਆਈ ਜੀ ਵਿਚਕਾਰ ਕਿਸੇ ਮੁੱਦੇ ਤੋਂ ਤਿੱਖੀ ਬਹਿਸ ਹੋਈ, ਪਰ ਕੁਝ ਲੋਕਾਂ ਦੇ ਦਖ਼ਲ ਨਾਲ ਮਾਮਲਾ ਸੁਲਝ ਗਿਆ। ਬਾਅਦ ਵਿੱਚ ਕਪਿਲ ਵਿਜ ਨੇ ਡੀ ਆਈ ਜੀ ਵਿਰੁੱਧ ਅੰਬਾਲਾ ਛਾਉਣੀ ਸਦਰ ਥਾਣੇ ਵਿੱਚ ਸ਼ਿਕਾਇਤ ਦਿੱਤੀ, ਜਿਸ ਵਿਚ ਉਸ ਨੇ ਦੋਸ਼ ਲਾਇਆ ਕਿ ਉਹ ਵਿਅਕਤੀ, ਜਿਸ ਬਾਰੇ ਉਸ ਨੂੰ ਬਾਅਦ ਵਿੱਚ ਪਤਾ ਲੱਗਾ ਕਿ ਇੱਕ ਡੀ ਆਈ ਜੀ ਹੈ, ਉਸ ਕੋਲ ਆਇਆ ਅਤੇ ਉਸ ਨਾਲ ਅਤੇ ਉਸ ਦੇ ਪਰਵਾਰ ਨਾਲ ਬਿਨਾਂ ਕਾਰਨ ਖਾਣਾ ਖਾਣ ਵੇਲੇ ਬਦਸਲੂਕੀ ਸ਼ੁਰੂ ਕਰ ਦਿੱਤੀ।ਵਿਜ ਨੇ ਕਿਹਾ ਕਿ ਵਾਪਸ ਆਉਂਦਿਆਂ ਇਸ ਸੀਨੀਅਰ ਪੁਲਸ ਅਧਿਕਾਰੀ ਨੇ ਉਸ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਅਤੇ ਕਿਹਾ ਕਿ ਉਹ ਅੰਬਾਲੇ ਦਾ ਡੀ ਆਈ ਜੀ ਵਿਜੀਲੈਂਸ ਹੈ ਅਤੇ ਕੋਈ ਵੀ ਉਸ ਦਾ ਕੁਝ ਨਹੀਂ ਵਿਗਾੜ ਸਕਦਾ। ਪੁਲਸ ਸੂਤਰਾਂ ਦੇ ਅਨੁਸਾਰ ਸ਼ਿਕਾਇਤ ਮਿਲਣ ਪਿੱਛੋਂ ਅੰਬਾਲੇ ਦੇ ਐਸ ਪੀ ਹਾਮਿਦ ਅਖ਼ਤਰ ਸੀਨੀਅਰ ਪੁਲਸ ਅਧਿਕਾਰੀਆਂ ਸਮੇਤ ਰਾਤ 10 ਵਜੇ ਅੰਬਾਲਾ ਸਦਰ ਥਾਣੇ ਪਹੁੰਚੇ ਅਤੇ ਡੀ ਆਈ ਜੀ ਵਿਰੁੱਧ ਕੇਸ ਦਰਜ ਕੀਤਾ।ਅੰਬਾਲਾ ਸਦਰ ਥਾਣੇ ਦੇ ਐਸ ਐਚ ਓ ਵਿਨੈ ਕੁਮਾਰ ਨੇ ਕਿਹਾ ਕਿ ਉਸ ਨੂੰ ਕੱਲ੍ਹ ਸ਼ਾਮ ਇੱਕ ਸ਼ਿਕਾਇਤ ਮਿਲੀ ਸੀ। ਐਸ ਐਚ ਓ ਨੇ ਕਿਹਾ ਕਿ ਅਸ਼ੋਕ ਕੁਮਾਰ ਵਿਰੁੱਧ ਕੇਸ ਦਰਜ ਕੀਤਾ ਹੈ ਤੇ ਜਾਂਚ ਜਾਰੀ ਹੈ।

## ਜੰਮੂ-ਕਸ਼ਮੀਰ ਪੁਨਰਗਠਨ (ਸੋਧ) ਬਿੱਲ ਰਾਜ ਸਭਾ ਵਿੱਚ ਪਾਸ

ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਰਾਜ ਮੰਤਰੀ ਜੀ ਕਿਸ਼ਨ ਰੈਡੀ ਨੇ ਦੱਸਿਆ ਹੈ ਕਿ ਕੇਂਦਰੀ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ ਵਿੱਚ ਪਿਛਲੇ ਦੋ ਸਾਲਾਂ ਤੋਂ ਵਿਕਾਸ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ, ਪਰ ਕੋਵਿਡ-19 ਦੇ ਕਾਰਨ ਮਿੱਥਿਆ ਟੀਚਾ ਹਾਸਲ ਨਹੀਂ ਕੀਤਾ ਜਾ ਸਕਿਆ। ਜੀ ਕਿਸ਼ਨ ਰੈਡੀ ਨੇ ਕੱਲ੍ਹ ਰਾਜ ਸਭਾ ਵਿੱਚ ਕਿਹਾ ਕਿ ਕਸ਼ਮੀਰ ਨੂੰ ਦਸੰਬਰ 2022 ਤੱਕ ਰੇਲ ਨਾਲ ਜੋੜ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਖਿੱਤੇ ਵਿੱਚ ਸਤੰਬਰ 2022 ਤੱਕ 80.16 ਲੱਖ ਦਿਹਾਤੀ ਘਰਾਂ 'ਚ ਪਾਣੀ ਕੁਨੈਕਸ਼ਨ ਦੇ ਦਿੱਤੇ ਜਾਣਗੇ। ਰਾਜ ਸਭਾ ਵਿੱਚ ਜੇ ਐਂਡ ਕੇ ਪੁਨਰਗਠਨ (ਸੋਧ) ਬਿੱਲ ਉਤੇ ਚਰਚਾ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਵਿੱਚ ਸਾਰੇ ਵੱਡੇ ਪ੍ਰੋਜੈਕਟ ਲੀਹ 'ਤੇ ਹਨ। ਓਥੇ ਉਠਾਏ ਗਏ ਕਦਮਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸਭ ਤੋਂ ਅਹਿਮ ਗੱਲ ਇਹ ਹੈ ਕਿ ਉਥੇ ਮਿਊਂਸੀਪਲ ਅਤੇ ਸ਼ਹਿਰੀ ਬਾਡੀਜ਼ ਦੀਆਂ ਚੋਣਾਂ ਕਰਵਾਈਆਂ ਗਈਆਂ ਹਨ। ਉਪਰਲੇ ਸਦਨ ਵਿੱਚ ਬਿੱਲ ਪਾਸ ਹੋ ਗਿਆ ਹੈ ਅਤੇ ਇਹ ਜਨਵਰੀ ਵਿੱਚ ਜਾਰੀ ਕੀਤੇ ਗਏ ਆਰਡੀਨੈਂਸ ਦੀ ਥਾਂ ਲਵੇਗਾ।

## ਛੋਟੇ ਕਾਰੋਬਾਰੀ 25 ਲੱਖ ਦਾ ਤੱਕ ਕਰਜ਼ਾ ਆਸਾਨੀ ਨਾਲ ਲੈ ਸਕਣਗੇ



ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ)- ਭਾਰਤ ਵਿੱਚ ਐਮ ਐਸ ਐਮ ਈ ਖੇਤਰ ਨਾਲ ਜੁੜੇ ਕਾਰੋਬਾਰੀਆਂ ਨੂੰ 25 ਲੱਖ ਤੱਕ ਦੇ ਕਰਜ਼ੇ ਆਸਾਨੀ ਨਾਲ ਮਿਲ ਸਕਣਗੇ। ਇਸ ਬਾਰੇ ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਦੇ ਨਵੇਂ ਸਿਸਟਮ ਨਾਲ ਛੋਟੇ ਕਾਰੋਬਾਰੀਆਂ ਨੂੰ ਇਹ ਲਾਭ ਮਿਲਣ ਜਾ ਰਿਹਾ ਹੈ।

ਸਰਕਾਰੀ ਅੰਕੜਿਆਂ ਮੁਤਾਬਕ ਭਾਰਤ ਵਿੱਚ ਛੇ ਕਰੋੜ ਐਮ ਐਸ ਐਮ ਈ (ਮਾਈਕਰੋ, ਸਮਾਲ ਐਂਡ ਮੀਡੀਅਮ) ਯੂਨਿਟ ਹਨ ਤੇ ਇਨ੍ਹਾਂ ਵਿੱਚੋਂ ਲੱਖਾਂ ਕਾਰੋਬਾਰੀ ਇਕੱਲੇ ਕਾਰੋਬਾਰ ਚਲਾ ਰਹੇ ਹਨ। ਇਹ ਸਾਰੇ ਮਾਈਕ੍ਰੋ ਜਾਂ ਛੋਟੇ ਕਾਰੋਬਾਰ ਦੀ ਸ਼੍ਰੇਣੀ ਵਿੱਚ ਹਨ। ਆਰ ਬੀ ਆਈ ਦੇ ਨਵੇਂ ਸਿਸਟਮ ਨਾਲ ਮੁੱਖ ਰੂਪ 'ਚ ਇਨ੍ਹਾਂ ਛੋਟੇ ਕਾਰੋਬਾਰੀਆਂ ਨੂੰ ਲਾਭ ਮਿਲੇਗਾ। ਐਮ ਐਸ ਐਮ ਈ ਅਗਲੇ 31 ਮਾਰਚ ਤੱਕ ਪੂਰੀ ਤਰ੍ਹਾਂ ਸਰਕਾਰੀ ਗਾਰੰਟੀ ਵਾਲਾ ਕਰਜ਼ਾ ਲੈ ਸਕਦੇ ਹਨ ਜਿਸ ਦਾ ਐਲਾਨ ਪਿਛਲੇ ਸਾਲ ਮਈ ਵਿੱਚ ਕੀਤਾ ਗਿਆ ਸੀ।ਕਾਰੋਬਾਰੀਆਂ ਨੇ ਦੱਸਿਆ ਕਿ ਆਰ ਬੀ ਆਈ ਦੇ ਨਵੇਂ ਨਿਯਮਾਂ ਦੇ ਮੁਤਾਬਕ ਬੈਂਕ ਆਪਣੇ ਨਕਦ ਰਿਜ਼ਰਵ ਅਨੁਪਾਤ (ਸੀ ਆਰ ਆਰ) ਵਿੱਚੋਂ ਐਮ ਐਸ ਐਮ ਈ ਨੂੰ 25 ਲੱਖ ਰੁਪਏ ਤੱਕ ਕਰਜ਼ੇ ਦੇ ਸਕਦੇ ਹਨ। ਬੈਂਕਾਂ ਨੂੰ ਇੱਕ ਤੈਅ ਅਨੁਪਾਤ ਵਿੱਚ ਆਰ ਬੀ ਆਈ ਕੋਲ ਨਕਦ (ਕੈਸ਼) ਰੱਖਣਾ ਹੁੰਦਾ ਹੈ। ਇਸ 'ਤੇ ਉਨ੍ਹਾਂ ਨੂੰ ਵਿਆਜ਼ ਵੀ ਨਹੀਂ ਮਿਲਦਾ। ਆਰ ਬੀ ਆਈ ਦੇ ਨਵੇਂ ਸਿਸਟਮ ਨਾਲ ਬੈਂਕ ਐਮ ਐਸ ਐਮ ਈ ਨੂੰ ਉਸ ਰਿਜ਼ਰਵ ਕੈਸ਼ ਵਿੱਚੋਂ ਕਰਜ਼ੇ ਦੇ ਸਕਣਗੇ ਅਤੇ ਉਸ ਕਰਜ਼ੇ ਉਤੇ ਵਿਆਜ ਮਿਲਣ ਨਾਲ ਬੈਂਕਾਂ ਨੂੰ ਕਮਾਈ ਵੀ ਹੋਵੇਗੀ। ਇੱਕ ਕਾਰੋਬਾਰੀ ਨੂੰ 25 ਲੱਖ ਰੁਪਏ ਤੋਂ ਵੱਧ ਕਰਜ਼ਾ ਨਹੀਂ ਮਿਲ ਸਕੇਗਾ।

# ਪਾਕਿ ਕਮਿਸ਼ਨ ਨੇ ਹਿੰਦੂਆਂ ਦੇ ਮੰਦਰਾਂ ਦੀ ਮਾੜੀ ਹਾਲਤ ਹੋਣ ਦੀ ਗੱਲ ਮੰਨੀ



ਇਸਲਾਮਾਬਾਦ, 9 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਹਿੰਦੂ ਘੱਟ ਗਿਣਤੀਆਂ ਅਤੇ ਉਨ੍ਹਾਂ ਦੇ ਧਾਰਮਕ ਥਾਵਾਂ ਦੀ ਮਾੜੀ ਹਾਲਤ ਨੂੰ ਪੇਸ਼ ਕਰਨ ਵਾਲੀ ਇੱਕ ਰਿਪੋਰਟ ਬਾਹਰ ਆਈ ਹੈ।

ਇਸ ਸੰਬੰਧ ਵਿੱਚ ਪਾਕਿਸਤਾਨ ਦੇ ਡਾਕਟਰ ਸ਼ੋਏਬ ਸਡਲ ਕਮਿਸ਼ਨ ਨੇ ਸੁਪਰੀਮ ਕੋਰਟ ਨੂੰ 7ਵੀਂ ਰਿਪੋਰਟ ਸੌਂਪੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਦੇਸ਼ ਵਿੱਚ ਹਿੰਦੂ ਧਰਮ ਦੇ ਪ੍ਰਮੁੱਖ ਥਾਵਾਂ ਦੀ ਹਾਲਤ ਚਿੰਤਾਜਨਕ ਹੈ। ਪਾਕਿਸਤਾਨ ਦੇ ਪ੍ਰਮੁੱਖ ਅਖ਼ਬਾਰ ਡਾਨ ਦੀ ਰਿਪੋਰਟ ਮੁਤਾਬਕ ਸਡਲ ਕਮਿਸ਼ਨ ਨੇ ਸੁਪਰੀਮ ਕੋਰਟ ਨੂੰ ਬੀਤੀ 5 ਫਰਵਰੀ ਨੂੰ ਹਿੰਦੂਆਂ ਦੇ ਧਾਰਮਿਕ ਥਾਵਾਂ ਦੇ ਸਬੰਧ ਵਿੱਚ ਰਿਪੋਰਟ ਸੌਂਪੀ ਹੈ।ਰਿਪੋਰਟ ਵਿੱਚ ਇਸ ਗੱਲ ਬਾਰੇ ਅਫ਼ਸੋਸ ਪ੍ਰਗਟ ਕੀਤਾ ਗਿਆ ਹੈ ਕਿ 'ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ' (ਈ ਟੀ ਪੀ ਬੀ) ਘੱਟ ਗਿਣਤੀ ਭਾਈਚਾਰੇ ਦੇ ਪ੍ਰਾਚੀਨ ਸਮਾਰਕਾਂ ਅਤੇ ਧਾਰਮਕ ਸਥਾਨਾਂ ਦੀ ਦੇਖਭਾਲ ਕਰਨ ਤੋਂ ਅਸਫ਼ਲ ਰਿਹਾ ਹੈ। ਕਮਿਸ਼ਨ ਨੇ 6 ਜਨਵਰੀ ਨੂੰ ਚੱਕਵਾਲ ਦੇ ਕਟਾਸ ਰਾਜ ਮੰਦਰ ਅਤੇ 7 ਜਨਵਰੀ ਨੂੰ ਮੁਲਤਾਨ ਦੇ ਪ੍ਰਹਿਲਾਦ ਮੰਦਰ ਦਾ ਦੌਰਾ ਕੀਤਾ ਸੀ। ਰਿਪੋਰਟ ਵਿੱਚ ਇਨ੍ਹਾਂ ਮੰਦਰਾਂ ਦੀ ਮਾੜੀ ਹਾਲਤ ਦੀਆਂ ਤਸਵੀਰਾਂ ਵੀ ਸ਼ਾਮਲ ਹਨ। ਇਹ ਕਮਿਸ਼ਨ ਸੁਪਰੀਮ ਕੋਰਟ ਨੇ ਬਣਾਇਆ ਸੀ। ਇਸ ਸਮੇਂ ਇੱਕ ਮੈਂਬਰੀ ਕਮਿਸ਼ਨ ਵਿੱਚ ਤਿੰਨ ਸਹਾਇਕ ਮੈਂਬਰ ਐਮ ਐਨ ਏ ਡਾਕਟਰ ਰਮੇਸ਼ ਵੰਕਵਾਨੀ, ਸਾਕਿਬ ਜਿਲਾਨੀ ਤੇ ਪਾਕਿਸਤਾਨ ਦੇ ਅਟਾਰਨੀ ਜਨਰਲ ਵੀ ਸ਼ਾਮਲ ਹਨ। ਇਸ ਰਿਪੋਰਟ ਵਿੱਚ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਹੈ ਕਿ ਈ ਟੀ ਪੀ ਬੀ ਨੂੰ ਤੇਰੀ ਮੰਦਰ/ਸਮਾਧੀ ਦੀ ਮੁੜ ਉਸਾਰੀ ਕਰਵਾਉਣ ਦਾ ਹੁਕਮ ਦਿੱਤਾ ਜਾਵੇ ਅਤੇ ਖ਼ੈਬਰ ਪਖਤੂਨਖ਼ਵਾ ਦੀ ਸੂਬਾਈ ਸਰਕਾਰ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦਾ ਪਾਲਣ ਕਰਵਾਉਣ ਲਈ ਸਮੇਂ-ਸਮੇਂ ਮਦਦ ਕਰਦੀ ਰਹੇ।

ਰਿਪੋਰਟ ਵਿੱਚ ਤੇਰੀ ਮੰਦਰ (ਕਟਕ), ਕਟਾਸ ਰਾਜ ਮੰਦਰ (ਚੱਕਵਾਲ), ਪ੍ਰਹਿਲਾਦ ਮੰਦਰ (ਮੁਲਤਾਨ) ਅਤੇ ਹਿੰਗਲਾਜ ਮੰਦਰ (ਲਾਸਬੇਲਾ) ਦੇ ਨਵੀਨੀਕਰਨ ਲਈ ਸਮੂਹਿਕ ਕੋਸ਼ਿਸ਼ ਕਰਨ ਦਾ ਸੁਝਾਅ ਦਿੱਤਾ ਹੈ। ਕਮਿਸ਼ਨ ਨੇ ਕਿਹਾ ਹੈ ਕਿ ਈ ਟੀ ਪੀ ਬੀ ਐਕਟ ਵਿੱਚ ਸੋਧ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਹਿੰਦੂਆਂ ਅਤੇ ਸਿੱਖਾਂ ਦੇ ਧਾਰਮਿਕ ਸਥਾਨਾਂ ਦੀ ਦੇਖਭਾਲ ਅਤੇ ਮੁੜ ਉਸਾਰੀ ਲਈ ਇੱਕ ਕਾਰਜਕਾਰੀ ਗਰੁੱਪ ਕਾਇਮ ਕੀਤਾ ਜਾ ਸਕੇ।

ਕਮਿਸ਼ਨ ਨੇ ਕਿਹਾ ਹੈ ਕਿ ਸੁਪਰੀਮ ਕੋਰਟ ਨੇ 5 ਜਨਵਰੀ ਨੂੰ ਆਪਣੇ ਹੁਕਮਾਂ ਵਿੱਚ ਈ ਟੀ ਪੀ ਬੀ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਆਪਣੇ ਕੰਟਰੋਲ ਵਿਚਲੇ ਸਾਰੇ ਮੰਦਰਾਂ, ਗੁਰਦਵਾਰਿਆਂ ਤੇ ਹੋਰ ਧਾਰਮਿਕ ਥਾਵਾਂ ਬਾਰੇ ਇੱਕ ਰਿਪੋਰਟ ਸੌਂਪੇ। ਕਮਿਸ਼ਨ ਨੇ ਈ ਟੀ ਪੀ ਬੀ ਤੋਂ ਕਈ ਵਾਰ ਜਾਣਕਾਰੀਆਂ ਮੰਗੀਆਂ, ਪਰ ਕੋਈ ਜਵਾਬ ਨਹੀਂ ਮਿਲਿਆ। ਈ ਟੀ ਪੀ ਬੀ ਨੇ 25 ਜਨਵਰੀ ਨੂੰ ਆਖ਼ਰ ਰਿਪੋਰਟ ਸੌਂਪੀ ਪਰ ਉਸ ਵਿੱਚ ਕਈ ਜਾਣਕਾਰੀਆਂ ਸ਼ਾਮਲ ਨਹੀਂ ਕੀਤੀਆਂ।ਈ ਟੀ ਪੀ ਬੀ ਮੁਤਾਬਕ 365 ਮੰਦਰਾਂ ਵਿੱਚੋਂ ਸਿਰਫ਼ 13 ਮੰਦਰਾਂ ਦਾ ਹੀ ਪ੍ਰਬੰਧ ਉਨ੍ਹਾਂ ਕੋਲ ਹੈ ਜਦਕਿ 65 ਮੰਦਰਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਹਿੰਦੂ ਭਾਈਚਾਰੇ 'ਤੇ ਅਤੇ 287 ਮੰਦਰ ਜ਼ਮੀਨ ਮਾਫੀਆ ਦੇ ਕਬਜ਼ੇ 'ਚ ਹਨ।

ਰਿਪੋਰਟ ਵਿੱਚ ਕਿਹਾ ਹੈ ਕਿ ਈ ਟੀ ਪੀ ਬੀ ਨੇ ਮੰਦਰਾਂ ਅਤੇ ਗੁਰਦਵਾਰਿਆਂ ਦੇ ਸੁਚਾਰੂ ਰੂਪ ਨਾਲ ਨਾ ਚੱਲਣ ਪਿੱਛੇ ਹਿੰਦੂ-ਸਿੱਖ ਆਬਾਦੀ ਦਾ ਘੱਟ ਹੋਣਾ ਵੀ ਕਾਰਨ ਦੱਸਿਆ ਹੈ ਜਿਸ ਬਾਰੇ ਕਮਿਸ਼ਨ ਨੇ ਇਤਰਾਜ਼ ਕੀਤਾ ਹੈ। ਕਮਿਸ਼ਨ ਦਾ ਮੰਨਣਾ ਹੈ ਕਿ ਕਈ ਮੰਦਰ ਅਜਿਹੇ ਹਨ ਜੋ ਆਲੇ-ਦੁਆਲੇ ਹਿੰਦੂ ਆਬਾਦੀ ਘੱਟ ਹੋਣ ਦੇ ਬਾਵਜੂਦ ਖੁੱਲ੍ਹੇ ਹੋਏ ਹਨ ਜਿਵੇਂ ਕਿ ਬਲੋਚਿਸਤਾਨ ਵਿੱਚ ਹਿੰਗਲਾਜ ਮਾਤਾ ਮੰਦਰ ਅਤੇ ਕਰਕ ਜ਼ਿਲ੍ਹੇ ਵਿੱਚ ਸ਼੍ਰੀਪਰਮਹੰਸ ਮਹਾਰਾਜ ਮੰਦਰ। ਰਿਪੋਰਟ ਵਿੱਚ ਇਹ ਵੀ ਦੋਸ਼ ਲਗਾਇਆ ਹੈ ਕਿ ਟਰੱਸਟ ਸਿਰਫ਼ ਘੱਟ ਗਿਣਤੀਆਂ ਦੀਆਂ ਛੱਡੀਆਂ ਹੋਈਆਂ ਜਾਇਦਾਦਾਂ ਦੇ ਕਬਜ਼ੇ ਵਿੱਚ ਹੀ ਦਿਲਚਸਪੀ ਲੈ ਰਿਹਾ ਹੈ।

# ਅਮਰੀਕਾ ਦੇ 80 ਤੋਂ ਵੱਧ ਸਿੱਖ ਸੰਗਠਨ ਕਿਸਾਨ ਅੰਦੋਲਨ ਦੇ ਹੱਕ 'ਚ ਉਤਰੇ

ਫਰਿਜ਼ਨੋ, 9 ਫਰਵਰੀ (ਪੋਸਟ ਬਿਊਰੋ)- ਕੱਲ੍ਹ ਅਮਰੀਕਾ ਦੇ 80 ਤੋਂ ਵੱਧ ਸਿੱਖ ਸੰਗਠਨਾਂ ਨੇ ਉਥੋਂ ਦੀਆਂ ਸਮਾਜਿਕ ਸੰਸਥਾਵਾਂ ਨਾਲ ਮਿਲ ਕੇ ਭਾਰਤ ਵਿੱਚ ਚੱਲਦੇ ਅੰਦੋਲਨ ਦੀ ਹਮਾਇਤ ਲਈ ਵਿਸ਼ੇਸ਼ ਸਭਾ ਬੁਲਾਈ ਹੈ।

ਇਸ ਦੌਰਾਨ ਸਥਾਨਕ ਲੋਕਾਂ ਤੋਂ ਇਲਾਵਾ ਵੀਡਿਓ ਕਾਨਫਰੰਸਿੰਗ ਰਾਹੀਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਸਭਾ ਵਿੱਚ ਫਰਿਜ਼ਨੋ ਦੇ ਮੇਅਰ ਜੈਰੀ ਡਾਇਰ ਵੀ ਸਨ, ਜਿਨ੍ਹਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੁਨੀਆ ਵਿੱਚ ਕਿਤੇ ਵੀ ਚਾਹੇ ਉਹ ਭਾਰਤ ਹੋਵੇ ਜਾਂ ਅਮਰੀਕਾ ਜੇ ਲੋਕਤੰਤਰ ਦਾ ਘਾਣ ਹੁੰਦਾ ਹੈ ਤਾਂ ਸਾਰਿਆਂ ਨੂੰ ਮਿਲ ਕੇ ਉਸ ਦੇ ਖ਼ਿਲਾਫ਼ ਆਵਾਜ਼ ਉਠਾਉਣੀ ਚਾਹੀਦੀ ਹੈ।ਕਿਸਾਨਾਂ ਦੀਆਂ ਮੰਗਾਂ ਦਾ ਸਮਰਥਨ ਕਰਦਿਆਂ ਉਨ੍ਹਾਂ ਕਿਹਾ ਕਿ ਕਿਸਾਨ ਕਿਸੇ ਵੀ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅਤੇ ਸਰਕਾਰ ਨੂੰ ਉਨ੍ਹਾਂ ਦੀਆਂ ਮੰਗਾਂ 'ਤੇ ਗੌਰ ਕਰਦਿਆਂ ਇਨ੍ਹਾਂ ਦਾ ਹੱਲ ਲੱਭਣਾ ਚਾਹੀਦਾ ਹੈ। ਇਸ ਮੌਕੇ ਇਕੱਤਰ ਹੋਈ ਸਭਾ ਵੱਲੋਂ ਦਿੱਲੀ ਦੇ ਬਾਰਡਰਾਂ 'ਤੇ ਚੱਲ ਰਹੇ ਅੰਦੋਲਨ ਨੂੰ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਸੰਗਤ ਨੇ ਕੁਝ ਮਤੇ ਪਾਸ ਕੀਤੇ, ਜਿਸ ਵਿੱਚ ਮੁੱਖ ਤੌਰ 'ਤੇ ਉਨ੍ਹਾਂ ਕਲਾਕਾਰਾਂ ਅਤੇ ਖ਼ਿਡਾਰੀਆਂ ਦੇ ਵਿਰੋਧ ਦਾ ਐਲਾਨ ਕੀਤਾ ਗਿਆ, ਜੋ ਕਿਸਾਨ ਅੰਦਲੋਨ ਦੇ ਖ਼ਿਲਾਫ਼ ਬੋਲੇ ਹਨ। ਅਮਰੀਕਾ ਦੀ ਸੰਗਤ ਨੇ ਐਲਾਨ ਕੀਤਾ ਕਿ ਜਿਹੜੇ ਬਾਲੀਵੁੱਡ ਕਲਾਕਾਰਾਂ ਅਤੇ ਖਿਡਾਰੀਆਂ ਨੇ ਆਪਣੀਆਂ ਜ਼ਮੀਨਾਂ ਗਿਰਵੀ ਰੱਖਣ ਵਾਲੇ ਦੇਸ਼ ਦੇ ਅੰਨਦਾਤਾ ਦੇ ਖ਼ਿਲਾਫ਼ ਭੰਡੀ ਪ੍ਰਚਾਰ ਕੀਤਾ ਹੈ, ਉਨ੍ਹਾਂ ਦਾ ਅਮਰੀਕਾ ਵਿੱਚ ਬਾਈਕਾਟ ਕੀਤਾ ਜਾਵੇਗਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਕਿਸੇ ਪ੍ਰਮੋਟਰ ਨੇ ਅਮਰੀਕਾ ਦੀ ਧਰਤੀ ਉਤੇ ਉਨ੍ਹਾਂ ਦਾ ਸਾਥ ਦਿੱਤਾ ਤਾਂ ਉਸਦਾ ਵੀ ਵੱਡੇ ਪੱਧਰ 'ਤੇ ਵਿਰੋਧ ਕੀਤਾ ਜਾਵੇਗਾ।ਸਭਾ ਦੇ ਅੰਤ ਵਿੱਚ ਸਮੂਹ ਸੰਗਤ ਵੱਲੋਂ ਸਾਰਿਆਂ ਦੀ ਸਹਿਮਤੀ ਨਾਲ ਮਤੇ ਪਾਏ ਗਏ।

# ਇਜ਼ਰਾਈਲੀ ਪ੍ਰਧਾਨ ਮੰਤਰੀ ਖ਼ਿਲਾਫ਼ ਭ੍ਰਿਸ਼ਟਾਚਾਰ ਕੇਸ ਵਿੱਚ ਸੁਣਵਾਈ ਸ਼ੁਰੂ




ਯੇਰੂਸ਼ਲਮ, 9 ਫਰਵਰੀ (ਪੋਸਟ ਬਿਊਰੋ)- ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਖ਼ਿਲਾਫ਼ ਯੇਰੂਸ਼ਲਮ ਦੀ ਅਦਾਲਤ ਵਿੱਚ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਸੁਣਵਾਈ ਕੱਲ੍ਹ ਸ਼ੁਰੂ ਹੋ ਗਈ, ਜਿਸ ਵਿੱਚ ਉਨ੍ਹਾਂ ਨੇ ਖੁਦ ਨੂੰ ਬੇਗੁਨਾਹ ਦੱਸਿਆ। ਕੁਝ ਹਫ਼ਤੇ ਬਾਅਦ ਇੱਥੇ ਆਮ ਚੋਣਾਂ ਹੋਣ ਵਾਲੀਆਂ ਹਨ।

ਵਰਨਣ ਯੋਗ ਹੈ ਕਿ ਨੇਤਨਯਾਹੂ 'ਤੇ ਪਿਛਲੇ ਸਾਲ ਤਿੰਨ ਵੱਖ-ਵੱਖ ਮਾਮਲਿਆਂ ਵਿੱਚ ਧੋਖਾਦੇਹੀ, ਵਿਸ਼ਵਾਸਘਾਤ ਅਤੇ ਰਿਸ਼ਵਤ ਲੈਣ ਦੇ ਦੋਸ਼ ਲੱਗੇ ਸਨ। ਪਿਛਲੇ ਕੁਝ ਸਮੇਂ ਤੋਂ ਇਜ਼ਰਾਈਲ ਵਾਸੀ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਹਰ ਹਫ਼ਤੇ ਦੇ ਅਖੀਰ ਵਿੱਚ ਵਿਖਾਵੇ ਕਰ ਕੇ ਨੇਤਨਯਾਹੂ ਦੇ ਅਸਤੀਫੇ ਦੀ ਮੰਗ ਕਰ ਰਹੇ ਹਨ।ਆਲੋਚਕਾਂ ਦਾ ਕਹਿਣਾ ਹੈ ਕਿ ਨੇਤਨਯਾਹੂ ਨੇ ਕੌਰੋਨਾ ਵਾਇਰਸ ਸੰਕਟ ਦਾ ਵੀ ਸਹੀ ਢੰਗ ਨਾਲ ਮੁਕਾਬਲਾ ਨਹੀਂ ਕੀਤਾ। ਨੇਤਨਯਾਹੂ ਦੀ ਪੇਸ਼ੀ ਦੌਰਾਨ ਵੀ ਅਦਾਲਤ ਦੇ ਬਾਹਰ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋ ਗਏ। ਦੋਸ਼ ਹੈ ਕਿ ਉਨ੍ਹਾਂ ਆਪਣੇ ਅਮੀਰ ਦੋਸਤਾਂ ਤੋਂ ਮਹਿੰਗੀਆਂ ਸੌਗਾਤਾਂ ਸਵੀਕਾਰ ਕੀਤੀਆਂ ਅਤੇ ਆਪਣੇ ਤੇ ਆਪਣੇ ਪਰਵਾਰ ਦੇ ਪੱਖ 'ਚ ਖ਼ਬਰਾਂ ਦਿਖਾਉਣ ਦੇ ਬਦਲੇ ਮੀਡੀਆ ਖੇਤਰ ਦੇ ਪ੍ਰਸਿੱਧ ਲੋਕਾਂ ਨੂੰ ਲਾਭ ਪਹੁੰਚਾਉਣ ਦੀਆਂ ਪੇਸ਼ਕਸ਼ਾਂ ਦਿੱਤੀਆਂ।ਇਸ ਤੋਂ ਪਹਿਲਾਂ ਪਿਛਲੇ ਮਹੀਨੇ ਲਾਕਡਾਊਨ ਸਬੰਧੀ ਪਾਬੰਦੀਆਂ ਕਾਰਨ ਮਾਮਲੇ ਵਿੱਚ ਸੁਣਵਾਈ ਮੁਲਤਵੀ ਕਰ ਦਿੱਤੀ ਗਈ ਸੀ।

ਇਜ਼ਰਾਈਲ 'ਤੇ ਸਭ ਤੋਂ ਲੰਮੇ ਸਮੇਂ ਤੱਕ ਰਾਜ ਕਰਨ ਵਾਲੇ ਨੇਤਨਯਾਹੂ ਉਹ ਪਹਿਲੇ ਪ੍ਰਧਾਨ ਮੰਤਰੀ ਹਨ, ਜਿਨ੍ਹਾਂ 'ਤੇ ਅਹੁਦੇ 'ਤੇ ਰਹਿਣ ਦੌਰਾਨ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਕੇਸ ਚੱਲਿਆ। ਨੇਤਨਯਾਹੂ ਨੇ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਹੈ।

# ਮਿਆਂਮਾਰ 'ਚ ਤਖਤਾ ਪਲਟ ਦੇ ਖ਼ਿਲਾਫ਼ ਵਿਖਾਵਾ ਤੇਜ਼ ਹੋਇਆ




ਯੰਗੂਨ, 9 ਫਰਵਰੀ (ਪੋਸਟ ਬਿਊਰੋ)- ਮਿਆਂਮਾਰ ਦੀ ਰਾਜਧਾਨੀ 'ਚ ਤਖਤਾ ਪਲਟ ਕਰਨ ਵਾਲੀ ਫੌਜ ਨੂੰ ਸੱਤਾ ਫਿਰ ਤੋਂ ਚੁਣੇ ਹੋਏ ਪ੍ਰਤੀਨਿਧਾਂ ਦੇ ਹੱਥ 'ਚ ਸੌਂਪਣ ਦੀ ਮੰਗ ਲਈ ਵਿਖਾਵਾ ਕਰ ਰਹੇ ਲੋਕਾਂ 'ਤੇ ਪੁਲਸ ਨੇ ਕੱਲ੍ਹ ਪਾਣੀ ਦੀਆਂ ਬੋਛਾਰਾਂ ਮਾਰੀਆਂ। ਇਸੇ ਤਰ੍ਹਾਂ ਪਿਛਲੇ ਹਫ਼ਤੇ ਹੋਏ ਤਖਤਾ ਪਲਟ ਦੇ ਵਿਰੋਧ 'ਚ ਦੇਸ਼ ਦੇ ਹੋਰਨਾਂ ਹਿੱਸਿਆਂ 'ਚ ਵੀ ਵਿਖਾਵੇ ਤੇਜ਼ ਹੁੰਦੇ ਦਿਸ ਰਹੇ ਹਨ। ਨੇਪੀਤਾ 'ਚ ਬੀਤੇ ਕੁਝ ਦਿਨਾਂ ਤੋਂ ਵਿਖਾਵੇ ਜਾਰੀ ਹਨ ਤੇ ਇਹ ਇਸ ਪੱਖੋਂ ਅਹਿਮ ਹੈ ਕਿ ਇੱਥੇ ਕਈ ਅਫਸਰ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰ ਰਹਿੰਦੇ ਹਨ ਅਤੇ ਏਥੇ ਵਿਖਾਵਿਆਂ ਦੀ ਰਵਾਇਤ ਨਹੀਂ ਹੈ। ਇੱਥੇ ਆਮ ਦਿਨਾਂ 'ਚ ਵੀ ਬਹੁਤ ਫੌਜੀ ਜਮਾਵੜਾ ਹੁੰਦਾ ਹੈ।

ਇਸ ਦੇਸ਼ ਦੇ ਸਭ ਤੋਂ ਵੱਡੇ ਸ਼ਹਿਰ ਯੰਗੂਨ ਦੇ ਪ੍ਰਮੁੱਖ ਚੌਕ 'ਤੇ ਵੀ ਕੱਲ੍ਹ ਵਿਖਾਵਾਕਾਰੀ ਵੱਡੀ ਗਿਣਤੀ 'ਚ ਇਕੱਠੇ ਹੋਏ। ਸਵੇਰੇ ਵਿਖਾਵਾਕਾਰੀਆਂ ਨੇ ਓਥੇ ਨਾਅਰੇ ਲਾਏ ਅਤੇ ਵਿਰੋਧ ਦੀਆਂ ਪ੍ਰਤੀਕ ਤਿੰਨ ਉਂਗਲੀਆਂ ਨਾਲ ਸਲਾਮੀ ਦਿੱਤੀ। ਇਸ ਦੌਰਾਨ ਵਿਖਾਵਾਕਾਰੀਆਂ ਨੇ 'ਫੌਜੀ ਤਖਤਾ ਪਲਟ ਦਾ ਬਾਈਕਾਟ' ਅਤੇ 'ਮਿਆਂਮਾਰ ਲਈ ਇਨਸਾਫ' ਲਿਖੀਆਂ ਹੋਈਆਂ ਤਖ਼ਤੀਆਂ ਦਿਖਾਉਂਦੇ ਹੋਏ ਵਿਰੋਧ ਪ੍ਰਗਟ ਕੀਤਾ। ਉਤਰ ਵਿਚਲੇ ਕਚਿਨ ਸੂਬੇ, ਦੱਖਣ ਪੂਰਬ ਵਿੱਚ ਮੋਨ, ਪੂਰਬੀ ਸੂਬੇ ਸ਼ਾਨ ਦੇ ਸਰਹੱਦੀ ਸ਼ਹਿਰ ਤਾਲਿਚੇਕ, ਨੇਪੀਤਾ ਅਤੇ ਮੰਡਾਲੇ 'ਚ ਕੱਲ੍ਹ ਵਿਰੋਧ ਵਿਖਾਵੇ ਹੋਏ ਹਨ। ਲੋਕਾਂ ਨੇ ਤਖ਼ਤਾ ਪਲਟ ਦੇ ਵਿਰੋਧ 'ਚ ਮਾਰਚ ਅਤੇ ਬਾਈਕ ਰੈਲੀ ਕੱਢੀ। ਯੰਗੂਨ 'ਚ ਇੱਕ ਵਿਖਾਵਾਕਾਰੀ ਨੇ ਕਿਹਾ ਕਿ ਅਸੀਂ ਫੌਜੀ ਰਾਜ ਨਹੀਂ ਚਾਹੁੰਦੇ, ਕੋਈ ਇਸਨੂੰ ਨਹੀਂ ਪਸੰਦ ਕਰਦਾ। ਸਾਰੇ ਲੋਕ ਉਨ੍ਹਾਂ ਨਾਲ ਲੜਨ ਲਈ ਤਿਆਰ ਹਨ।

ਸਰਕਾਰੀ ਮੀਡੀਆ ਨੇ ਕੱਲ੍ਹ ਪਹਿਲੀ ਵਾਰ ਵਿਖਾਵਿਆਂ ਦਾ ਜ਼ਿਕਰ ਕੀਤਾ ਅਤੇ ਉਨ੍ਹਾਂ ਦੇ ਦੇਸ਼ ਦੀ ਸਥਿਰਤਾ ਲਈ ਖਤਰਾ ਹੋਣ ਦਾ ਦਾਅਵਾ ਕੀਤਾ। ਸਰਕਾਰੀ ਟੀ ਵੀ ਸਟੇਸ਼ਨ ਐਮ ਆਰ ਟੀ ਵੀ 'ਤੇ ਪੜ੍ਹੇ ਗਏ ਸੂਚਨਾ ਮੰਤਰਾਲੇ ਦੇ ਬਿਆਨ ਮੁਤਾਬਕ ਜੇਕਰ ਕੋਈ ਅਨੁਸ਼ਾਸਨ ਨਾ ਹੋਵੇ ਤਾਂ ਲੋਕਤੰਤਰ ਬਰਬਾਦ ਹੋ ਸਕਦਾ ਹੈ।ਮਿਆਂਮਾਰ ਵਿੱਚ ਤਖ਼ਤਾ ਪਲਟ ਤੋਂ ਬਾਅਦ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਫੌਜੀ ਸਰਕਾਰ ਨੇ ਦੋ ਵੱਡੇ ਸ਼ਹਿਰਾਂ ਵਿੱਚ ਕਰਫਿਊ ਲਗਾ ਦਿੱਤਾ ਹੈ ਅਤੇ ਪੰਜ ਤੋਂ ਜ਼ਿਆਦਾ ਲੋਕਾਂਦੇ ਇੱਕ ਜਗ੍ਹਾ 'ਤੇ ਇਕੱਠੇ ਹੋਣ ਉਤੇ ਰੋਕ ਲੱਗਾ ਦਿੱਤੀ ਹੈ।

